# ਨਿਰਪ



ਪ੍ਰੀਤਮ ਸਿੰਘ ਧੰਜਲ

ਪੰਜਾਬੀ ਵਿਚ ਨਿਰੋਲ ਬੌਧਿਕ ਕਵਿਤਾ ਬਹੁਤ ਘੱਟ ਲਿਖੀ ਗਈ ਹੈ। ਪ੍ਰੀਤਮ ਸਿੰਘ ਧੰਜਲ ਦੀ ਪੁਸਤਕ ‘ਨਿਰਪ’ ਇਸ ਘਾਟ ਨੂੰ ਪੂਰਾ ਕਰਦੀ ਹੈ।

ਡਾਕਟਰ ਰਜਿੰਦਰਪਾਲ ਸਿੰਘ ਬਰਾੜ
ਪੰਜਾਬੀ ਯੂਨੀਵਰਸਿਟੀ,
ਪਟਿਆਲਾ
ਅਗਸਤ 2003

‘Nirp’ in Punjabi means dry. Pritam S Dhanjal enlarges this etymological meaning to encompass unfriendly and callous behavior.

Jogendra Singh
M.B.A., M.Sc., P.Eng.
Planning Engineer (Retired)
Hydro One
Mississauga, Ontario, Canada

# ਸਮਰਪਨ

•

•

•

ਆਪਣੀ ਹੀ ਭਾਲ਼ ਵਿਚ ਤੁਰਦੇ ਨੇ ਜੋ,
ਹੋ ਕੇ ਸਾਗਰ ਫੇਰ ਵੀ ਪਿਆਸੇ ਨੇ ਜੋ।

↓ ਤਤਕਰਾ ↓

## ਏਸੇ ਕਲਮ ਤੋਂ :

ਮਿਲਨ - ਉਰਦੂ ਕਾਵਿ-ਸੰਗ੍ਰਹਿ - 1989
ਸੁਚੇਤ ਸੁਪਨੇ - ਪੰਜਾਬੀ ਕਾਵਿ-ਸੰਗ੍ਰਹਿ - 1989
ਤੁਲਸੀ ਦੇ ਪੱਤਰ - ਪੰਜਾਬੀ ਕਾਵਿ-ਸੰਗ੍ਰਹਿ - 1992
ਸਤਿਯੰਮ ਸ਼ਿਵਮ ਸੁੰਦਰਮ - ਪੰਜਾਬੀ ਕਾਵਿ-ਸੰਗ੍ਰਹਿ - 1996
ਨਿਰਪ - ਪੰਜਾਬੀ ਕਾਵਿ-ਸੰਗ੍ਰਹਿ - 2003
ਕਪਨ - ਪੰਜਾਬੀ ਕਾਵਿ-ਸੰਗ੍ਰਹਿ - 2009
ਨ੍ਹੇਰਾ - ਪੰਜਾਬੀ ਕਾਵਿ-ਸੰਗ੍ਰਹਿ - 2010

## From the same Author :

Milan - Urdu poems - 1989
Suchet Supne - Punjabi poems - 1989
Tulsi De Pattar - Punjabi poems - 1992
Satyam Shivam Sunderam - Punjabi poems – 1996
Nirp - Punjabi poems – 2003
Kapan - Punjabi poems – 2009
Nehra - Punjabi poems - 2010

↓ ਤਤਕਰਾ ↓

# ਨਿਰਪ

ਕਾਵਿ-ਸੰਗ੍ਰਹਿ

**ਲੇਖਕ : ਪ੍ਰੀਤਮ ਸਿੰਘ ਧੰਜਲ**
www.dhanjal.com
pritam@dhanjal.com

© ਸਭ ਹੱਕ ਕਰਤਾ ਦੇ ਰਾਖਵੇਂ ਹਨ।

ਸਤੰਬਰ 2003
ਇਹ ਪੀ. ਡੀ. ਐਫ਼. ਫ਼ੌਰਮੈਟ: ਜਨਵਰੀ 2018

ISBN Number : 81-7599-154-2
Cover photograph: Monte Draper

ਪ੍ਰਕਾਸ਼ਕ : ਨਵਯੁਗ ਪਬਲਿਸ਼ਰਜ਼

# Nirp

Poems

***By* : Pritam Singh Dhanjal**
www.dhanjal.com
pritam@dhanjal.com

Copyright © The Author

September 2003
This PDF Format: January 2018

ISBN Number : 81-7599-154-2
Cover photograph: Monte Draper

Publishrs: Navyug Publishers

↓ ਤਤਕਰਾ ↓

# ਤਤਕਰਾ

## ਕਵਿਤਾਵਾਂ


010 ਇਸ ਕਿਤਾਬ ਵਿਚੋਂ ਕੁਝ ਸ਼ੇਅਰ

013 ਸਭ ਤੋਂ ਸੁਹਣਾ ਫੁੱਲ

015 ਸਬੱਬ ਨਾਲ

016 ਜੀਵਨ ਬੁਨਿਆਦ

017 ਮਾਇਆ

018 ਮੁਕਤੀ-ਮਾਰਗ

019 ਹੋ ਕੇ ਸਾਗਰ ... ...

020 ਅਗਲਾ ਕਦਮ

021 ਇਹ ਜੋ ਲਿਖਦੇ ਨੇ

022 ਜੀਵਨ ਚਾਹ

023a ਆਦਮ ਦੀ ਕਹਾਣੀ?

023b ਆਦਮ, ਲਿਲਿਥ ਤੇ ਹੱਵਾ

024 ਹਰ ਛਿਣ ਨਵਾਂ ਨਕੋਰ

025 ਸਮਤਲਤਾ ਦੀ ਇੱਛਾ

027 ਲੋੜ

029 ਰਾਜ ਕਰੇਗਾ ਖ਼ਾਲਸਾ?

031 ਆਜ਼ਾਦ / ਗ਼ੁਲਾਮ

032 ਅੱਜ ਹਿਮਾਲਾ ਵਿਚੋਂ ਲਾਵਾ ਫੁੱਟਿਆ

035 ਤਾਜ-ਪੋਸ਼ੀ ਦਾ ਭੂਤ

037 ਕੁਝ ਸ਼ੇਅਰ

038 ਨਿਰਪ - ੳ

039 ਨਿਰਪ - ਅ

041 ਨਿਰਪ - ੲ

042 ਨਿਰਪ - ਸ

043 ਨਿਰਪ - ਹ

044 ਨਿਰਪ - ਕ

045 ਨਿਰਪ - ਖ

046 ਨਿਰਪ - ਗ

048 ਅੱਖਾਂ

050 ਦੋਹੇ

051 ਗਵਾਂਢ

052 ਸ਼ਾਹ ਜੀ!

053 ਜੇ ਲਿਖਾਰੀ ਹੋਵਾਂ

054 ਇਕ ਬੱਚੀ ਦਾ ਸਕੂਲ

056 ਗ਼ਰੀਬ ਔਰਤ

057 ਬੇਗਾਨੀ ਮਿੱਟੀ

059 ਪੀੜ ਦੀ ਪਰਵਾਜ਼

061 ਆਤਮ-ਘਾਤੀ ਹਿੰਸਕ?

062 ਸਾਂਝਾ ਆਕਾਸ਼?

064 ਦੋਸ਼ੀ ਔਕਾਤ

065 ਤ੍ਰਿਕਾਲਾਂ

# ਤਤਕਰਾ

## ਗ਼ਜ਼ਲ / ਅਗ਼ਜ਼ਲ


068 ਮੁਸ਼ਕਿਲ ਬੜਾ ਹੈ ਲਾਉਣਾ
069 ਜਿਸ ਸੱਭਿਤਾ ਨੂੰ
070 ਸਾਡੀ ਕਹਾਣੀ ਪਿਆਰ ਦੀ
071 ਕੁਝ ਕੁ ਲੋਕੀ ਇਸ ਤਰ੍ਹਾਂ ਬੀਮਾਰ ਨੇ
072 ਆਪਣੇ ਆਪ ਨੂੰ ਵੀ ਸੁਣ
073 ਉਹ ਸਦਾ ਦੁਨੀਆਂ ਦੀਆਂ
074 ਮੈਂ ਮਿੱਟੀ
075 ਕਿਸੇ ਬਿੜਕ ਦਾ
076 ਤੂੰ ਆਪਣੇ ਵਰਗਾ
077 ਉੱਗਦੇ ਬੂਟੇ ਦੀ
078 ਪੱਥਰਾਂ ਨੂੰ, ਬੂਟਿਆਂ ਨੂੰ
079 ਝੀਲ ਵਿਚ ਸੁੱਟ ਕੇ ਡਬੋਈ
080 ਜਿਸ ਦੇ ਵਿਚ ਸੂਲੀ ਹੀ ਨਾ ਅੰਜਾਮ ਹੈ
081 ਚਿਰ ਕਾਲ ਤੋਂ ਇਹ ਬੰਦਾ
082 ਮੁਮਕਿਨ ਹੈ
083 ਦਰਦ ਵਧ ਕੇ ਜਦੋਂ ਦਵਾ ਨਾ ਬਣੇ
084 ਉੱਡਣੇ ਭੁਕਾਨੇ
085 ਨਹੀਂ ਮਖ਼ਮਲਾਂ ਜੇ ਤਾਂ ਨਾ ਸਹੀ
086 ਦੋ ਨੀਅਤਾਂ ਮੇਰੇ ਘਰ ਆਈਆਂ
087 ਲਲਾਰੀ ਕੌਣ ਸੀ?
088 ਹੰਝੂ ਨੂੰ ਦੇਖ
089 ਜਾ ਰਹੇ ਨੇ ਆਪਣੇ
090 ਝੋਕ ਆ ਕੇ ਨੀਂਦ ਦੀ
091 ਅੱਜ ਆਪਣੇ ਆਪ ਨੂੰ ਹੀ
092 ਗੱਲ ਸਾਫ਼ ਸਾਫ਼ ਕਹਿ ਕੇ
093 ਪੁਲ ‘ਤੇ ਬੈਠਾ

094 ਕੌਣ ਸੀ?
095 ਅੰਗੂਰ ਦੀ ਵੱਤਰ ‘ਤੇ
096 ਨਾ ਰਸਤਿਆਂ ਨੂੰ ਯਾਦ ਕਰਨਾ
097 ਪਰਬਤ ਨੂੰ ਪਰ ਲਗਾਓ
098 ਹੈ ਜਦੋਂ ਅਪਣੱਤ ਦੇ ਹੀ
099 ਕਿਸੇ ਦੀ ਭਾਲ ‘ਚ ਏਨਾ ਵੀ ਕੀ
100 ਇਸ਼ਕ ਦੀ ਜਾਗੀਰ ਵੀ
101 ਬੇਬਸੀ ਆਪਣੀ
102 ਮੁਰਸ਼ਦ ਮਿਲੇ ਜਾਂ ਕੋਈ
103 ਨਿੱਖਰੇ ਆਸਮਾਨਾਂ ‘ਤੇ
104 ਦੇਖ ਕੇ ਦੂਸਰਾ ਤਸਵੀਰ ਦਾ ਪਾਸਾ
105 ਜ਼ਿੰਦਗੀ ਬਸ ਦੋ ਤੇ ਦੋ ਮਿਲ ਕੇ ਜੋ ਹੁੰਦੇ ਚਾਰ ਨਹੀਂ
106 ਦੋ ਤੇ ਦੋ ਮਿਲ ਚਾਰ ਹੁੰਦੇ ਰਹਿਣਗੇ
107 ਮੈਂ ਪੱਥਰ ਹਾਂ, ਓ ਦੁਨੀਆਂ ਵਾਲਿਓ!
108 ਮੈਂ ਵੱਡਾ ਜਾਂ ਛੋਟਾ ਅਕਸਰ ਹੁੰਦਾ ਹਾਂ
109 ਬਦਲਦੇ ਮੌਸਮ ਦੇ ਸਾਏ
110 ਬਸ ਜ਼ਖ਼ਮ ਹੀ ਨਾ ਹੁੰਦੇ
111 ਸਭ ਦੀ ਆਖ਼ਰੀ ਮੰਜ਼ਿਲ ਨੇ
112 ਫਿਰ ਘਨੇੜੀ ਚਾੜ੍ਹ ਕੇ
113 ਕਿਰਣ ਬਣ ਕੇ ਜਦੋਂ ਮੈਂ
114 ਅੱਜ ਆਪਣੇ ਆਪ ਨੂੰ ਹੀ
115 ਮੈਂ ਆਪਣੇ ਲਈ ਇਕ ਖ਼ੁਸ਼ੀ ਮੰਗਦਾ ਹਾਂ
116 ਇੰਜ ਆਪਣੀ ਤਬੀਅਤ ਹੈ
117 ਨਾ ਛੁਪਾ ਸਕਿਆ ਇਹ ਚਿਹਰਾ
118 ਨਾਗਮਣੀ ਦੀ ਭਾਲ ‘ਚ ਤੁਰਿਆ
119 ਜ਼ਿੰਦਗੀ ਸਾਰੀ ਸੁਵਾਰ ਨਾ ਹੋਵੇ
120 ਕੁਝ ਹੋਰ ਸ਼ੇਅਰ
123 ਅੱਧਾ-ਕਵੀ

ਇਸ ਕਿਤਾਬ ਵਿਚੋਂ

# ਕੁਝ ਸ਼ੇਅਰ

ਮਨੋਰਥ ਇਕ ਹੀ ਤਾਂ ਹੈ, 'ਸਿਕੰਦਰ' ਦਾ 'ਸਿਧਾਰਥ' ਦਾ,
ਇਕ ਰਸਤਾ 'ਰੂਹਾਨੀ' ਹੈ ਅਤੇ ਦੂਜਾ 'ਸੁਆਰਥ' ਦਾ।

ਕੁਦਰਤ ਮੇਰੇ ਬਿਨਾਂ ਅਧੂਰੀ, ਮੈਂ ਰਲ ਜਾਵਾਂ ਹੋਵੇ ਪੂਰੀ।
ਪੂਰਣਤਾ ਦੇ ਲਈ 'ਪ੍ਰੀਤਮ'! ਮੇਰੀ ਹੋਂਦ ਵੀ ਬਹੁਤ ਜ਼ਰੂਰੀ।

ਅਗਨ-ਪ੍ਰੀਖਿਆ ਦੇਣ ਲਈ, ਜੇ ਨਹੀਂ 'ਰਾਮ' ਤਿਆਰ,
ਹਰਜ ਨਾ 'ਸੀਤਾ' ਵਾਸਤੇ, ਕਰ ਦੇਣਾ ਇਨਕਾਰ।

ਪੱਤੀਆਂ, ਕੁਝ ਇਸ ਅਦਾ ਦੇ ਨਾਲ ਖੜੀਆਂ ਹੋਈਆਂ,
ਦੂਰ ਤੋਂ ਇਹਨਾਂ ਨੂੰ ਦੇਖੋ ਤਾਂ ਨਿਰਾ ਫੁੱਲ ਲੱਗਦੀਆਂ।

ਮੱਛੀਆਂ ਦੇ ਹੰਝੂ, ਕੋਈ ਦੇਖੇ ਜੇ ਤਾਂ ਕਿਸ ਤਰ੍ਹਾਂ?
ਜ਼ਖ਼ਮੀ ਹੋ ਕੇ ਰੋਂਦੀਆਂ ਨੇ, ਜਦ ਉਹ ਪੱਥਰ ਚੱਟਦੀਆਂ।

ਪਿਆਸ ਮਿਟ ਜਾਣ ਦੀ ਕੀ ਆਸ ਲਗਾਉਣੀ 'ਪ੍ਰੀਤਮ'!
ਹਰ ਸਮੁੰਦਰ ਹੀ ਰਿਹਾ ਹੈ ਜੇ ਪਿਆਸਾ ਏਥੇ।

ਕਮਜ਼ੋਰ ਹੈ ਜੋ ਬੰਦਾ, ਆਪਣੀ ਸੁਰੱਖਿਆ ਲਈ,
'ਰੱਬਾਂ' ਦੇ 'ਰਾਜਿਆਂ' ਦੇ, ਕਈ ਡੰਨ ਭਰ ਰਿਹਾ ਹੈ।

ਸਦੀਆਂ ਦੀ ਕੰਧ ਵਿਚ ਪਤਾ ਨਹੀਂ, ਕਿੰਨੀਆਂ ਇੱਟਾਂ ਪਲਾਂ ਦੀਆਂ,
ਸਮਿਆਂ ਦੇ ਇਸ ਮਹਿਲ ਨੇ ਸਾਥੋਂ ਸਾਡੀ ਹੋਣੀ ਖੋਹੀ ਵੇ।

ਆਪਣੇ ਆਪ ਨੂੰ ਵੀ ਸੁਣ ਤੇ ਆਪਣੇ ਆਪ ਨੂੰ ਵੀ ਕਹਿ,
ਇਹ ਵੀ ਤਾਂ ਤੇਰੀ ਦੁਨੀਆਂ ਹੈ, ਕਦੇ ਤੂੰ ਏਸ ਵਿਚ ਵੀ ਰਹਿ।

ਜਿਸ ਮੇਰਾ ਰੁੱਖ ਵੱਢ ਕੇ, ਬੇੜੀ ਬਣਾ ਲਈ ਸੀ,
ਦੇਖੀਂ ਜ਼ਰਾ ਕੁ 'ਪ੍ਰੀਤਮ'! ਡੁੱਬਿਐ ਕਿ ਤਰ ਰਿਹਾ ਹੈ।

ਮੈਂ ਆਪਣੀ ਮੰਜ਼ਿਲ ਦੇਖ ਆਇਆ, ਮੈਂ ਸੁਰਖ਼ਰੂ ਹਾਂ, ਮੈਂ ਸੁਰਖ਼ਰੂ ਹਾਂ,
ਕਦੇ ਤਾਂ ਆਪਣੀ ਸੋਚ ਅੰਦਰ ਇਸ ਤਰ੍ਹਾਂ ਦਾ ਕਮਾਲ ਰੱਖਣਾ!

↑ ਤਤਕਰਾ ↑

ਪੱਥਰਾਂ ਨੂੰ, ਬੂਟਿਆਂ ਨੂੰ, ਪਸ਼ੂਆਂ, ਪਰਿੰਦਿਆਂ ਨੂੰ,
ਖ਼ਤਰਾ ਹੈ ਆਦਮੀ ਤੋਂ, ਪਹਿਲੇ ਬਾਸ਼ਿੰਦਿਆਂ ਨੂੰ।

ਜੀਵਨ-ਸੰਗੀਤ ਸੁਣੀਏਂ, ਹਵਾ ਤੋਂ, ਪਾਣੀਆਂ ਤੋਂ,
ਮੌਸਮ ਨਿਗਲ ਨਾ ਜਾਵੇ, ਇਹਨਾਂ ਸਾਜ਼ਿੰਦਿਆਂ ਨੂੰ।

'ਮੁਮਤਾਜ-ਮਹਲ' ਘੜ ਕੇ, ਮਕਤਲ ਨੂੰ ਜਾ ਰਹੇ!
ਵੱਖਰੇ ਮਿਜ਼ਾਜ ਵਾਲਾ 'ਸ਼ਾਹ-ਏ-ਜਹਾਨ' ਦੇਖ!

ਪੁੱਛਿਆ ਜਦੋਂ ਮੈਂ ਉਸ ਨੂੰ, "ਦੱਸ ਤਾਂ ਇਹ ਜ਼ਿੰਦਗੀ ਕੀ?"
ਤੀਲਾਂ ਦੀ ਡੱਬੀ ਉੱਤੇ, ਤੀਲੀ ਘਸਾਈ ਉਸਨੇ।

ਤੂੰ ਲਾਰੇ 'ਤੇ ਬਹਿ ਕੇ ਫੇਰੀ ਜਾ ਮਾਲਾ,
ਮੈਂ ਜੰਨਤ ਸਦਾ ਪੇਸ਼ਗੀ ਮੰਗਦਾ ਹਾਂ।

ਧਰਤੀ ਦੀ, ਕੁੱਖ ਇਕ ਦਿਨ ਬੇਸ਼ੱਕ ਫ਼ਨਾਹ ਹੋਵੇ,
ਪਰ ਇਸ ਦੇ ਸਿਰ ਰਹੇਗਾ, ਅਹਿਸਾਨ ਜ਼ਿੰਦਗੀ ਦਾ।

ਕਿ ਜ਼ਿੰਦਗੀ ਹੀ ਆਪਣੇ ਸਾਹਾਂ ਦੀ ਭੀਖ ਮੰਗੇ,
ਏਨਾ ਵੀ ਤੇ ਨਾ ਕਰਨਾ, ਅਪਮਾਨ ਜ਼ਿੰਦਗੀ ਦਾ।

ਖ਼ਤਰੇ ਦੇ ਵਿਚ ਬੱਚਿਆਂ ਨੂੰ ਮਾਂ ਨਾ ਛੱਡ ਕੇ ਜਾਏਗੀ,
ਪੰਛੀ ਉੱਡ ਜਾਵੇਗਾ ਕਿਧਰੇ, ਕਿੰਜ ਪਰਾਂ ਨੂੰ ਛੱਡ ਕੇ!

ਮੰਨਿਆਂ ਕਿ ਮੰਗਣਾ ਹੈ ਜੀਵਨ ਦੀ ਫ਼ਿਤਰਤ,
ਬਸ ਇਹ ਬਦਲ ਜਾਵੇ, ਇਹੀ ਮੰਗਦਾ ਹਾਂ।

ਉਹ, ਜਿਨ੍ਹਾਂ ਦੇ ਕਾਗ਼ਜ਼ਾਂ ਦੇ ਫੁੱਲ ਵੀ ਨੇ ਮਹਿਕਦੇ
ਲੋਕਤਾ ਲਈ ਲਿਖ ਰਹੇ ਕਵੀਆਂ ਦੀ ਗੱਲ ਕਰਦਾ ਰਿਹਾ।

ਜੇ ਜਾਨ ਮੰਗਾਂ ਤਾਂ ਕੋਈ ਜਾਨ ਵੀ ਦੇਵੇ,
ਕਿਸੇ ਈਮਾਨ ਦੇ ਵਰਗਾ ਵਕਾਰ ਦੇ ਮੈਨੂੰ।

ਤੇਜ਼-ਰਫ਼ਤਾਰੀ ਰੌਸ਼ਨੀ ਦੀ, ਹੈ ਕਮਾਲ ਬੜੀ,
ਕਿਵੇਂ ਇਹ ਛੇਕ ਨਾ ਪਾਵੇ, ਸਿਖਾਲ ਦੇ ਮੈਨੂੰ।

↑ ਤਤਕਰਾ ↑

ਇਹ[1] ਮਿੱਟੀ ਜ਼ਰਖ਼ੇਜ਼, ਇਹਨੂੰ ਕਾਮੇਂ, ਰਾਖੇ ਚਾਹੀਦੇ,
ਏਸ ਥਾਂ ਨਾ ਕਦਰ ਪਾਵੇ, ਤਾਲ ਦੀ ਪਾਇਲ ਦੀ ਗੱਲ।

ਛੱਤੀਹ-ਪਦਾਰਥਾਂ ਨੂੰ ਇਸ ਹਵਨ-ਕੁੰਡ 'ਚ ਪਾਓ,
ਕਲਿਆਣ ਹੋਵੇ ਉਸ ਦੀ, ਭੁੱਖਾ ਜੋ ਮਰ ਰਿਹਾ ਹੈ।

ਇਕ ਰਸਮ ਇਕ ਗੁਨਾਹ ਨੂੰ ਹੈ ਪਾਕ ਕਰ ਗਈ,
ਬੇ-ਪਰਦ ਹੋ ਗਈ ਹੈ ਹਯਾ, ਸੰਗਦੀ ਸੰਗਦੀ।

ਜਿੱਥੇ ਨਾਲ ਕੋਈ ਨਾ ਜਾ ਸਕੇ,
ਓਥੇ ਜਾ ਕੇ ਵੀ ਕੋਈ ਆ ਸਕੇ,
ਜੇ ਤੂੰ 'ਸਰਬ-ਸ਼ਕਤੀਮਾਨ' ਹੈਂ,
ਜ਼ਰਾ ਇਹ ਵੀ ਕਰ ਕੇ ਦਿਖਾਲ ਦੇ!

ਨਾ ਏਥੇ 'ਕਲਪ' ਹੈ ਕੋਈ ਤੇ ਨਾ ਏਥੇ 'ਹੁਮਾ' ਕੋਈ,
ਮੇਰੇ ਵਰਗ ਵਿਚ ਜਿੰਦਾਂ, ਮੁਸ਼ੱਕਤ ਨਾਲ ਟਕਰਾਈਆਂ।

ਸੁਰ ਸੁਰੀਲੇ ਵਾਲੀਏ ਕੋਇਲੇ! ਦਰਦ ਦਾ ਕੀ ਕਰਾਂ?
ਏਥੇ ਕਾਂ ਦੇ ਬੋਲ ਜਦ ਸ਼ੁਭ-ਸ਼ਗਨ ਮੰਨੇ ਜਾ ਰਹੇ।

ਹਰ ਇਕ ਵਿਚਾਰ ਅੰਦਰ ਅੱਗ ਦੀ ਤਾਸੀਰ ਹੈ,
ਦੁਨੀਆਂ ਸਮੇਟ ਸਕਦੈ, ਜੇਕਰ ਹਵਾ ਮਿਲੇ।

ਜ਼ੁਲਮ ਓਦੋਂ ਹੀ ਜ਼ੁਲਮ ਦਿਖਾਈ ਦੇਂਦਾ ਹੈ,
ਜਦੋਂ ਜਦੋਂ ਕੁਦਰਤ ਤੋਂ ਨਾਬਰ ਹੁੰਦਾ ਹਾਂ।

ਮਜ਼ਾ ਕੁਝ ਹੋਰ ਹੀ ਹੁੰਦੈ ਜੇ ਥੁਹੜੀ ਪਿਆਸ ਰਹਿ ਜਾਵੇ,
ਦਿਲ-ਕਸ਼ ਹੁੰਦੀਆਂ ਅਕਸਰ, ਪ੍ਰੀਤਮ! ਰੂਹਾਂ ਤਰਿਹਾਈਆਂ।

---

1. ਪੰਜਾਬ ਵਰਗੀ

↑ ਤਤਕਰਾ ↑

# ਸਭ ਤੋਂ ਸੁਹਣਾ ਫੁੱਲ

ਸੁੰਨੇਂ ਬੈਂਚ 'ਤੇ ਜਾ ਬੈਠੀ ਮੈਂ,
ਬਾਗ 'ਚ ਇਕ ਵਿੱਲੋ[1] ਦੇ ਲਾਗੇ,
ਸੋਚ ਰਹੀ ਸਾਂ, "ਹੁਣ ਤਾਈਂ ਮੈਂ
ਕੀ ਖੱਟਿਆ ਦੁਨੀਆਂ 'ਤੇ ਆ ਕੇ"!

ਏਨੇ ਨੂੰ ਇਕ ਹਫ਼ਿਆ, ਥੱਕਿਆ,
ਬਾਲਕ ਮੇਰੇ ਨੇੜੇ ਆਇਆ,
ਕਹਿਣ ਲੱਗਾ, "ਆਹ ਦੇਖ! ਮੈਂ ਓਥੋਂ
ਰੰਗ ਬਰੰਗਾ ਫੁੱਲ ਲਿਆਇਆ"।

ਬੇਰੰਗ ਤੇ ਮੁਰਝਾਏ ਫੁੱਲ ਨੂੰ ਤੱਕ ਕੇ
ਉਸ 'ਤੇ ਗੁੱਸਾ ਆਇਆ,
ਇਕ ਫੋਕੀ-ਮੁਸਕਾਨ ਦਿਖਾ ਕੇ,
ਦੂਜੇ ਪਾਸੇ ਮੂੰਹ ਭੁਆਇਆ।

ਨੇੜੇ ਹੁੰਦਿਆਂ ਉਸਨੇ ਉਹ ਫੁੱਲ,
ਖ਼ੁਸ਼ ਹੋ ਕੇ ਨੱਕ ਵੱਲ ਵਧਾਇਆ,
ਆਖਣ ਲੱਗਾ, "ਇਹ ਸੁਹਣਾ ਫੁੱਲ,
ਮੈਂ ਹਾਂ ਤੇਰੇ ਲਈ ਲਿਆਇਆ"।

ਮੈਂ ਖਿਝ ਕੇ ਉਸ ਦੇ ਵੱਲ ਤੱਕਿਆ,
ਸੋਚਿਆ, ਕਿ ਇਹ ਪਿੱਛਾ ਛੱਡੇ,
ਉਸ ਦੇ ਕੋਲੋਂ ਫੁੱਲ ਲੈਣ ਨੂੰ,
ਮੈਂ ਆਪਣਾ ਹੱਥ ਕੀਤਾ ਅੱਗੇ।

---

1. ਵਿੱਲੋ ਦਾ ਦਰਖ਼ਤ (ਜਿਸ ਦੀਆਂ ਲੰਮੀਆਂ ਸ਼ਾਖ਼ਾਂ ਹੇਠਾਂ ਵੱਲ ਨੂੰ ਝੁਕੀਆਂ ਰਹਿੰਦੀਆਂ ਹਨ) ਉਦਾਸੀ ਦਾ ਪ੍ਰਤੀਕ ਹੈ।

↑ ਤਤਕਰਾ ↑

ਇਕ-ਦਮ ਹੀ ਮੈਂ ਕੰਬ ਗਈ ਸਾਂ,
ਜਦ ਉਸ ਆਪਣੀ ਬਾਂਹ ਵਧਾਈ,
'ਨੇਤਰ-ਹੀਣ' ਹੈ ਸੀ ਉਹ ਬਾਲਕ,
ਖੜਾ ਹੋਇਆ ਸੀ ਨਜ਼ਰ ਝੁਕਾਈ।

ਰੋਕਿਆਂ ਵੀ ਨਾ ਰੋਕ ਸਕੀ ਮੈਂ,
ਤਿੱਪ ਤਿੱਪ ਕਰਕੇ ਚੋ ਗਏ ਹੰਝੂ,
ਉਸਦੀ ਨਿਰਮਲਤਾ ਦੇ ਵਾਂਗੂੰ,
ਮਨ ਮੇਰੇ ਨੂੰ ਧੋ ਗਏ ਹੰਝੂ।

ਸੋਚ ਰਹੀ ਸਾਂ, 'ਹੈ ਕੋਈ 'ਚਾਨਣ',
ਜਿਸਨੇ ਇਸਨੂੰ ਰੰਗ ਦਿਖਾਏ,
ਹੈ ਕੋਈ 'ਅਹਿਸਾਸ' ਕਿ ਜਿਹੜਾ ,
ਸੁੱਕੇ ਫੁੱਲ ਨੂੰ ਵੀ ਮਹਿਕਾਏ'।

ਇਕ ਅਕਹਿ ਅਨੰਦ 'ਚ ਆ ਕੇ,
ਮਨ ਮੇਰਾ ਲਹਿਰਾ ਰਿਹਾ ਸੀ,
ਉਹ ਬਾਲਕ, ਹੁਣ ਹੋਰ ਕਿਸੇ ਵੱਲ,
ਇਕ ਫੁੱਲ ਲੈ ਕੇ ਜਾ ਰਿਹਾ ਸੀ।

↑ ਤਤਕਰਾ ↑

ਜਦੋਂ ਖੁਰਕ ਕਰਨ ਵਾਲਾ ਹੱਥ ਅਤੇ ਖੁਰਕ ਆਉਣ ਵਾਲੀ ਥਾਂ ਆਪਣੀ ਆਪਣੀ ਹੋਂਦ ਭੁੱਲ ਕੇ, 'ਇੱਕੋ' ਸਰੀਰ ਦਾ ਹਿੱਸਾ ਬਣ ਜਾਣ ਤਾਂ ਖੁਰਕਣ ਵਾਲਾ ਹੱਥ ਆਪਣੇ ਆਪ ਹੀ ਸਹੀ ਥਾਂ ਉੱਤੇ ਜਾ ਪਹੁੰਚਦਾ ਹੈ। ਜਿਵੇਂ ਅਨੇਕਾਂ ਸਮੁੰਦਰਾਂ ਵਿਚੋਂ ਕੋਈ ਮਨ ਚਾਹਿਆ ਕਤਰਾ ਲੱਭ ਲਵੇ।

## ਸਬੱਬ ਨਾਲ

ਸਬੱਬ ਨਾਲ ਮੈਂ ਏਧਰੋਂ ਲੰਘ ਰਿਹਾ ਸਾਂ,
ਇਹ ਸੋਚੀ ਕਿ ਤੈਨੂੰ ਮਿਲਦਾ ਹੀ ਜਾਵਾਂ।
ਬੜੇ ਹੀ ਅਨਿਚਿਤ, ਵਸੀਅ ਰਾਹ ਮੇਰੇ,
ਮੈਂ ਫਿਰ ਏਸ ਪਾਸੇ ਨੂੰ ਆਵਾਂ ਨਾ ਆਵਾਂ।

ਸਮਾਨਅੰਤਰ ਹੈ ਰੂਹਾਂ ਦਾ ਪੈਂਡਾ,
ਮੰਨਿਆਂ, ਕਿ 'ਇਕ-ਹੋਂਦ' ਨਾ ਹੋਣ ਦੇਵੇ,
ਏਨਾ ਹੀ ਕਾਫ਼ੀ ਹੈ ਕਿ ਸਾਥ ਮਿਲਿਆ,
'ਉਸ' ਤੋਂ ਬਿਨਾ ਵੀ ਇਹ ਲੱਗੇ ਸੁਖਾਵਾਂ।

ਅਨੇਕਾਂ ਸਮੁੰਦਰਾਂ 'ਚ ਕਤਰਾ ਗਵਾਚਾ,
ਕੋਈ ਲੈਣਾ ਚਾਹਵੇ ਤਾਂ ਕਿੰਜ ਲੈ ਸਕੇਗਾ?
ਅਜੇ ਤਕ ਬਣੇ ਹੀ ਨਹੀਂ ਹਨ ਜੋ ਸ਼ਾਇਦ,
ਉਹ ਉੱਤਰ, ਭਲਾ ਮੈਂ ਕਿਥੋਂ ਲਿਆਵਾਂ!

ਜਦੋਂ 'ਮੈਂ' ਨਾ ਹੋਵਾਂ ਅਤੇ 'ਤੂੰ ' ਨਾ ਹੋਵੇਂ,
ਐਸੀ ਜੇ ਅਣਹੋਂਦ 'ਇਕ' ਹੋ ਸਕੇ ਤਾਂ,
ਲੱਖਾਂ ਸਮੁੰਦਰਾਂ 'ਚੋਂ ਮਨ ਚਾਹਿਆ ਕਤਰਾ,
ਐ 'ਪ੍ਰੀਤਮ'! ਮੈਂ ਸਹਿਜੇ ਹੀ ਝੋਲੀ 'ਚ ਪਾਵਾਂ।

↑ ਤਤਕਰਾ ↑

## ਜੀਵਨ ਬੁਨਿਆਦ

ਨਾ ਹਵਾ ਕਰਕੇ ਹੈ ਜੀਵਨ,
ਨਾ ਅਗਨੀ ਕਰਕੇ ਹੈ।
ਨਾ ਚਾਨਣ ਕਰਕੇ ਹੈ ਜੀਵਨ,
ਨਾ ਪਾਣੀ ਕਰਕੇ ਹੈ।

ਨਾ ਧਰਤੀ ਕਰਕੇ ਹੈ ਜੀਵਨ,
ਨਾ ਹੀ ਤਨ ਕਰਕੇ ਹੈ।
ਨਾ ਅੰਬਰ ਕਰਕੇ ਹੈ ਜੀਵਨ,
ਨਾ ਹੀ ਮਨ ਕਰਕੇ ਹੈ।

ਪਰ ਜਦ 'ਚਿੱਤ' ਆਪਣੇ ਘਰ ਹੋਵੇ,
ਜੀਵਨ ਬਣ ਜਾਂਦਾ ਹੈ।
ਇਹ 'ਪ੍ਰਕ੍ਰਿਤਿ ਦਾ ਪਸਾਰਾ',
'ਤਨ', 'ਮਨ' ਬਣ ਜਾਂਦਾ ਹੈ।

ਇਕ ਚਿੱਤ ਹੋ ਜਾਵੇ ਜੋ 'ਪ੍ਰੀਤਮ'!
ਉਹ ਹੀ ਅਮਰ ਹੁੰਦਾ ਹੈ।
ਨਹੀਂ ਤਾਂ ਆਵਾਗਵਣ ਦੇ ਰਾਹੀਂ,
ਸਿਰਫ਼ ਸਫ਼ਰ ਹੁੰਦਾ ਹੈ।

↑ ਤਤਕਰਾ ↑

# ਮਾਇਆ

ਕਦੇ ਨਜ਼ਰ ਸੀ, ਪਰ ਨਜ਼ਾਰਾ ਨਹੀਂ ਸੀ,
ਕੋਈ 'ਇਕ' ਸੀ, ਇਹ ਪਸਾਰਾ ਨਹੀਂ ਸੀ।

ਪ੍ਰਕ੍ਰਿਤਿ ਦਾ ਬੂਟਾ ਮਾਇਆ ਨੇ ਲਾਇਆ,
ਇਸ ਨੇ ਨਜ਼ਰ ਨੂੰ ਨਜ਼ਾਰਾ ਮਿਲਾਇਆ।

ਵਿਚਾਰਾਂ, ਵਿਕਾਰਾਂ ਲਈ ਮਨ ਬਣਾਇਆ,
ਪਤਾਲਾਂ ਅਕਾਸ਼ਾਂ ਨੂੰ ਇਕ ਥਾਂ ਬਿਠਾਇਆ।

ਜੇ ਮਾਇਆ ਨਾ ਹੁੰਦੀ ਇਹ ਸਾਰਾ ਨਾ ਹੁੰਦਾ,
ਨਜ਼ਰ ਸ਼ਾਇਦ ਹੁੰਦੀ, ਨਜ਼ਾਰਾ ਨਾ ਹੁੰਦਾ।

↑ ਤਤਕਰਾ ↑

# ਮੁਕਤੀ-ਮਾਰਗ

ਮਨੋਰਥ ਇਕ ਹੀ ਤਾਂ ਹੈ, ਸਿਕੰਦਰ ਦਾ[1], ਸਿਧਾਰਥ ਦਾ[2],
ਇਕ ਰਸਤਾ 'ਰੂਹਾਨੀ' ਹੈ ਅਤੇ ਦੂਜਾ 'ਸੁਆਰਥ' ਦਾ।

ਸੁਆਰਥ ਹੈ ਕਿ ਹਰ ਇਕ ਪਿਆਸ ਪਿੱਛੋਂ ਪਿਆਸ ਲੱਗੇਗੀ,
ਮਿਰਗ-ਤ੍ਰਿਸ਼ਨਾ ਅਤੇ ਜਾਂ ਦਿਸ-ਹੱਦੇ ਦੇ ਵਾਂਗ ਠੱਗੇਗੀ।
ਅਮੁੱਕਵਾਂ ਖੇਡ ਹੁੰਦਾ ਹੈ, ਪਦਾਰਥ ਤੇ ਪਦਾਰਥ ਦਾ।
ਮਨੋਰਥ ਇਕ ਹੀ ਤਾਂ ਹੈ, ਸਿਕੰਦਰ ਦਾ, ਸਿਧਾਰਥ ਦਾ।

ਇਹ ਰੂਹਾਨੀਅਤ ਵੀ ਜ਼ਿੰਦਗੀ ਤੋਂ ਦੂਰ ਲੈ ਜਾਵੇ,
ਪਰਵਿਰਤੀ ਦੇ ਬੂਟੇ 'ਤੇ ਕਦੇ ਕੋਈ ਬੂਰ ਨਾ ਆਵੇ,
ਨਿਰਵਿਰਤੀ ਦਾ ਜੀਵਨ ਵੀ ਹੁੰਦਾ ਹੈ, ਅਕਾਰਥ ਦਾ।
ਮਨੋਰਥ ਇਕ ਹੀ ਤਾਂ ਹੈ, ਸਿਕੰਦਰ ਦਾ, ਸਿਧਾਰਥ ਦਾ।

ਪਰਵਿਰਤੀ ਹੀ ਤਨ ਤੇ ਮਨ ਦੀਆਂ ਲੋੜਾਂ ਮਿਟਾਉਂਦੀ ਹੈ,
ਦਇਆ ਤੇ ਧਰਮ ਦੇਂਦੀ ਹੈ, ਵਿਕਾਰਾਂ ਤੋਂ ਬਚਾਉਂਦੀ ਹੈ,
'ਮੁਕਤੀ' ਦੀ ਤਰਫ਼ ਜਾਂਦਾ ਹੈ, ਇਹ ਜੀਵਨ ਯਥਾਰਥ ਦਾ।
ਬੇ-ਇਨਸਾਫ਼ੀ ਦਾ ਰਾਹ ਹੈ ਸਿਕੰਦਰ ਤੇ ਸਿਧਾਰਥ ਦਾ।

ਨਾ ਹੀ ਮਾਇਆ ਦਾ ਲੋਭੀ ਹੋ ਅਤੇ ਨਾ ਹੀ ਤਿਆਗੀ ਹੋ,
ਜੀਵਨ ਵਿਚ ਜੋ ਦੁੱਖ ਸੁਖ ਨੇ, ਉਹਨਾਂ ਦਾ ਭਾਗੀ ਹੋ,
ਇਹ ਹੀ ਤਾਂ ਸੱਚ ਹੈ 'ਪ੍ਰੀਤਮ'! ਜੀਵਨ ਦੇ ਮਨੋਰਥ ਦਾ।
ਐਵੇਂ ਝੂਠਾ ਹੀ ਹੈ ਰਾਹ, ਸਿਕੰਦਰ ਦਾ ਸਿਧਾਰਥ ਦਾ।

---

1. ਭਾਲ (ਬਾਹਰਲੀ) 2. ਭਾਲ (ਅੰਦਰਲੀ)

↑ ਤਤਕਰਾ ↑

# ਹੋ ਕੇ ਸਾਗਰ . . .

ਆਪਣੀ ਹੀ ਭਾਲ ਵਿਚ  ਤੁਰਦੇ ਨੇ ਉਹ,
ਹੋ ਕੇ ਸਾਗਰ ਫੇਰ ਵੀ ਪਿਆਸੇ ਨੇ ਉਹ।

ਦੇਖਿਆ ਹੁੰਦਾ ਹੈ ਉਹਨਾਂ  ਉਹ  ਪੜਾਅ,
ਜਿੱਥੇ  ਬਹਿ  ਕੇ  ਸਫ਼ਰ  ਬਾਰੇ  ਸੋਚਣਾ।
ਕਿੱਥੋਂ ਹੈ ਸੀ  ਧੁੰਧਲਿਆਈ  ਇਬਤਦਾ?
ਧੁੰਧਲਿਆਏ   ਹਸ਼ਰ   ਬਾਰੇ   ਸੋਚਣਾ।
ਰੌਸ਼ਨੀ  ਰਾਹਾਂ ਦੇ ਵਿਚ  ਧਰਦੇ ਨੇ ਉਹ,
ਹੋ ਕੇ ਸਾਗਰ ਫੇਰ ਵੀ ਪਿਆਸੇ ਨੇ ਉਹ।

ਮਾਣਿਆਂ  ਹੁੰਦਾ  ਹੈ  ਜੀਵਨ  ਆਪਣਾ,
ਉਹ  ਫ਼ਤਹਿ ਕਰਦੇ ਨੇ ਜੀਵਨ-ਲੋਚ ਨੂੰ।
ਮੁਕਤ ਹੁੰਦੇ ਨੇ  ਉਹ  ਆਪਣੇ ਫ਼ਰਜ਼ ਤੋਂ,
ਵਿਹਲ  ਹੁੰਦੀ  ਹੈ  ਉਨ੍ਹਾਂ ਦੀ  ਸੋਚ  ਨੂੰ।
ਫੇਰ  ਵੀ ਵਿਸ਼ਰਾਮ  ਨਾ ਕਰਦੇ ਨੇ ਉਹ,
ਹੋ ਕੇ ਸਾਗਰ ਫੇਰ ਵੀ ਪਿਆਸੇ ਨੇ ਉਹ।

ਧੁੰਧ  ਹੁੰਦੇ  ਹੋਏ  ਵੀ, ਆਪਣੇ  ਕਰੀਬ,
ਤੁਰਨ  ਜੋਗਾ  ਰਾਹ  ਤਾਂ  ਦਿਸਦਾ ਰਵ੍ਹੇ।
ਵਕਤ  ਪਿਛੇ  ਨੂੰ  ਕਦੇ  ਮੁੜਿਆ ਨਹੀਂ,
ਰੂਹ  ਦਾ  ਜੋ ਬਣ ਗਿਆ, ਦਰਜਾ ਰਵ੍ਹੇ।
ਆਪਣੇ ਅਗਿਆਨ ਤੋਂ  ਡਰਦੇ  ਨੇ ਉਹ,
ਹੋ ਕੇ ਸਾਗਰ ਫੇਰ ਵੀ ਪਿਆਸੇ ਨੇ ਉਹ।

↑ ਤਤਕਰਾ ↑

ਜੀਵ-ਆਤਮਾ ਦੇ ਵਿਕਸਿਤ ਹੋਣ ਲਈ

# ਅਗਲਾ ਕਦਮ

ਸ਼ੋਰ ਮਚਾਉਂਦੀ ਰਾਤ ਦਾ ਪਹਿਰਾ,
ਕੁਝ ਵੀ ਨਜ਼ਰ ਨਾ ਆਵੇ,
ਕਦੇ ਜਦੋਂ ਕੋਈ ਬਿਜਲੀ ਚਮਕੇ,
ਇਕ ਅੱਧ ਸ਼ੈਅ ਰੁਸ਼ਨਾਵੇ।

'ਇਕ-ਚਿੱਤ' ਜੇ ਚਮਕਾਉਣਾ ਚਾਹਵੇ,
ਤਾਂ ਇਹ ਬਿਜਲੀ ਚਮਕੇ,
ਜਿਸ ਨੂੰ 'ਸੋਚ' ਸਮਝ ਨਹੀਂ ਸਕਦੀ,
ਉਹ ਗੱਲ ਵੀ ਸਮਝਾਵੇ।

ਸੁਣਿਆਂ ਹੈ, ਇਕ ਵਾਰ 'ਕ੍ਰਿਸ਼ਨ' ਸੀ
ਇੰਜ ਬਿਜਲੀ ਚਮਕਾਈ,
'ਅਰਜਨ' ਗਿਆਨ-ਹੀਣ ਨੂੰ ਉਸਨੇ,
ਸਾਰੀ ਸ੍ਰਿਸ਼ਟ ਦਿਖਾਈ।

ਚੰਗਾ ਹੋਵੇ ਜੇ ਇਹ ਬਿਜਲੀ,
ਚਮਕੀ ਹੀ ਰਹਿ ਜਾਵੇ,
ਵਿਕਸਿਤ ਹੁੰਦੀ ਰੂਹ ਜੀਵ ਦੀ,
ਅਗਲਾ ਕਦਮ ਉਠਾਵੇ।

↑ ਤਤਕਰਾ ↑

# ਇਹ ਜੋ ਲਿਖਦੇ ਨੇ

ਇਹ ਜੋ ਲਿਖਦੇ ਨੇ, ਕਿਉਂ ਇਹ ਲਿਖਦੇ ਨੇ?
ਦਿਲ ਦੀਆਂ ਗੱਲਾਂ!
ਮਨ ਦੀਆਂ ਛੱਲਾਂ!

ਹੁਸਨਾ ਇਸ਼ਕਾਂ ਦੀ, ਹੱਕਾਂ ਲੋੜਾਂ ਦੀ,
ਆਖਣਾ ਚਾਹਵੇ,
ਇਹ ਸ਼ਮ੍ਹਾਂ ਜਲ ਕੇ, ਕਿਸ ਹਨੇਰੇ ਨੂੰ,
ਮੇਟਣਾ ਚਾਹਵੇ?
ਜ਼ੁਲਮ ਦੇ ਹੜ੍ਹ ਨੂੰ, ਕਲਮ ਦੇ ਨੱਕੇ,
ਪਾ ਰਹੇ ਠੁੱਲਾਂ।

ਜਦ ਕੋਈ ਸੂਰਜ, ਨ੍ਹੇਰ ਨਾ ਚਾਹਵੇ,
ਰੋਹ 'ਚ ਆ ਜਾਵੇ,
ਉਹ ਕਿਰਨ ਬਣ ਕੇ, ਜੱਗ 'ਤੇ ਛਾ ਜਾਵੇ,
ਇਸਨੂੰ ਰੁਸ਼ਨਾਵੇ।
ਇਹ ਉਜਾਗਰ ਨੇ, ਦਿਲ ਦੇ ਸਾਗਰ ਨੇ,
ਮਾਰਦੇ ਮੱਲਾਂ।

↑ ਤਤਕਰਾ ↑

# ਜੀਵਨ ਚਾਹ

ਪੱਤਾ ਪੱਤਾ ਕਰੇ ਦੁਆ,
ਰੱਬਾ! ਸਾਡੀ ਵੇਲ ਵਧਾ।

ਜਹਾਨ ਮਿਲੇ ਸਾਨੂੰ,
ਨਵੀਆਂ ਕਰੂੰਬਲਾਂ ਦੀ,
ਮੁਸਕਾਨ ਮਿਲੇ ਸਾਨੂੰ।

ਪੱਤਾ ਪੱਤਾ ਕਰੇ ਦੁਆ,
ਰੱਬਾ! ਤੇਜ਼ ਨਾ ਵਗੇ ਹਵਾ।

ਇਹ ਬੱਚੜੇ ਬਹਾਰਾਂ ਦੇ,
ਦੋ ਦਿਨ ਹੋਰ ਮੰਗਦੇ,
ਖਿੜੀਆਂ ਗੁਲਜ਼ਾਰਾਂ ਦੇ।

ਪੱਤਾ ਪੱਤਾ ਕਰੇ ਦੁਆ,
ਰੱਬਾ! ਤੱਤੀ ਵਾ ਨਾ ਲਾ।

ਰੱਬਾ! ਖ਼ੁਸ਼ੀਆਂ ਸਦਾ ਦੇਵੀਂ,
ਜੋ ਘੜੀ ਆਉਣੀ ਹੈ,
ਖ਼ੈਰੀਂ ਮਿਹਰੀਂ ਲੰਘਾ ਦੇਵੀਂ।

ਪੱਤਾ ਪੱਤਾ ਕਰੇ ਦੁਆ,
ਓ ਰੱਬਾ! ਨਾ ਕਰੀਂ ਜੁਦਾ।

ਭਾਵੇਂ ਖ਼ੈਰ ਮਨਾਉਣੀ ਹੈ,
ਜੋ ਅਸੀਂ ਨਹੀਂ ਚਹੁੰਦੇ,
ਘੜੀ ਉਹ ਵੀ ਆਉਣੀ ਹੈ।

↑ ਤਤਕਰਾ ↑

## ਆਦਮ ਦੀ ਕਹਾਣੀ?

ਆਦਮ ਦੀ ਕਹਾਣੀ ਘੜਨ ਵਾਲੇ ਨੂੰ ਮੈਂ ਪੁੱਛਦਾ ਹਾਂ:

ਆਦਮ ਨੇ ਜੇ ਵਰਜਤ-ਫਲ ਖਾਧਾ, ਕੱਢਿਆ ਸੁਰਗੋਂ,
ਚੁਰਾਸੀ ਲੱਖ, ਬਾਕੀ ਜੂਨਾਂ ਦਾ ਭਲਾ ਦੱਸੋ ਗੁਨਾਹ ਕੀ ਸੀ?

## ਆਦਮ, ਲਿਲਿਥ ਤੇ ਹੱਵਾ

ਛੱਡ ਕੇ 'ਲਿਲਿਥ', 'ਹੱਵਾ' ਨੂੰ ਅਪਣਾਇਆ 'ਆਦਮ' ਨੇ,
'ਹੱਵਾ' ਹੁਣ ਜਾਣ ਚੁੱਕੀ ਹੈ, 'ਲਿਲਿਥ' ਦੀ ਕਹਾਣੀ ਨੂੰ।

↑ ਤਤਕਰਾ ↑

# ਹਰ ਛਿਣ ਨਵਾਂ ਨਕੋਰ

ਹਰ ਛਿਣ ਨਵਾਂ ਨਕੋਰ, ਓ ਪ੍ਰੀਤਮ!
ਹਰ ਛਿਣ ਨਵਾਂ ਨਕੋਰ।
ਹਰ ਛਿਣ ਹੈ ਕੁਝ ਹੋਰ, ਓ ਪ੍ਰੀਤਮ!
ਹਰ ਛਿਣ ਹੈ ਕੁਝ ਹੋਰ।

ਅੱਖ ਝਮਕਣ ਦੇ ਲਈ, ਓ ਪ੍ਰੀਤਮ!
ਜਿਹੜੀ ਪਲਕ ਝੁਕਾਈ,
ਉਹ ਪਲਕ ਕੁਝ ਹੋਰ ਸੀ, ਪ੍ਰੀਤਮ!
ਜਦ ਮੈਂ ਉਤਾਂਹ ਉਠਾਈ।
ਹਰ ਛਿਣ ਹਰ ਸ਼ੈਅ ਬਦਲੀ ਜਾਵੇ,
ਇਹ ਸਮੇਂ ਦੀ ਤੋਰ, ਓ ਪ੍ਰੀਤਮ!
ਹਰ ਛਿਣ ਨਵਾਂ ਨਕੋਰ।

ਥਿੱਤ, ਵਾਰ ਤੇ ਮਾਹ ਜੋ ਗੁਜ਼ਰੇ,
ਉਹ ਮੁੜ ਕੇ ਨਾ ਆਵੇ।
ਬੇਸ਼ੱਕ ਉਹ ਹੀ ਨਾਮ ਪੁਰਾਣਾ,
ਮੁੜ ਮੁੜ ਕੇ ਦੁਹਰਾਵੇ।
ਇਕ ਨਵਾਂ ਦਿਨ ਲੈ ਕੇ ਆਵੇ,
ਹਰ ਨਵੇਲੀ ਭੋਰ, ਓ ਪ੍ਰੀਤਮ!
ਹਰ ਛਿਣ ਨਵਾਂ ਨਕੋਰ।

ਸਮੇਂ ਦੇ ਚੱਕਰ ਦਾ ਗੋਪੀਆ,
ਕੋਈ ਹੋਰ ਘੁਮਾਵੇ।
ਉਸ ਹੱਥੋਂ ਇਹ ਜੀਵ-ਗੁਲੇਲਾ,
ਬੇਵੱਸ ਘੁੰਮਦਾ ਜਾਵੇ।
ਜਦ ਤਾਈਂ ਨਾ ਇਸ ਦੇ ਹੱਥੀਂ,
ਆ ਜਾਵੇ ਉਹ ਡੋਰ, ਓ ਪ੍ਰੀਤਮ!
ਹਰ ਛਿਣ ਨਵਾਂ ਨਕੋਰ।

↑ ਤਤਕਰਾ ↑

# ਸਮਤਲਤਾ ਦੀ ਇੱਛਾ

ਘੁੱਘ-ਵਸੰਦੇ ਥਾਂਵਾਂ ‘ਤੇ
ਜਵਾਰ-ਭਾਟਾ ਨਹੀਂ ਆਉਂਦਾ।

ਸਮੁੰਦਰ ਵਿਚ
ਜਿਥੇ ਅਨੇਕਾਂ ਦਰਿਆਵਾਂ ਦੀ ਕੁੜੱਤਣ ਸਮਾਈ ਹੁੰਦੀ ਹੈ,
ਰੋਜ਼ ਆਉਂਦਾ ਹੈ।

ਇਹ ਗ਼ਰੀਬੀ ਤੇ ਗੰਦਗੀ ਦੇ ਭਰੇ ਸਮੁੰਦਰਾਂ ਵਿਚ ਆਉਂਦਾ ਹੈ।
ਜਿੱਥੇ ਖਿੜਨ ਦੀ ਤਮੰਨਾ ਲੈ ਕੇ ਕੰਵਲ ਦੇ ਫੁੱਲ,
ਉਭਰਨ ਦੀ ਕੋਸ਼ਿਸ਼ ਕਰਦੇ ਹਨ।
ਜਿੱਥੇ ਚਮਕਣ ਦੀ ਤਮੰਨਾ ਲੈ ਕੇ ਮੋਤੀ,
ਉਛਲਣ ਦੀ ਕੋਸ਼ਿਸ਼ ਕਰਦੇ ਹਨ।
ਉਭਰਦੇ ਹਨ ਚਮਕਣ ਲਈ, ਰੜਕਣ ਲਈ,
ਸੀਨਿਆਂ ਵਿਚ ਛੇਕ ਕਰਵਾਣ ਲਈ,
ਫਾਂਸੀਆਂ ‘ਤੇ ਟੰਗੇ ਜਾਣ ਲਈ।

ਸਮੁੰਦਰ ਵਿਚ ‘ਸਮਤਲਤਾ’ ਲਈ ਜਵਾਰ-ਭਾਟਾ ਆਉਂਦਾ ਹੈ,
ਸਮਾਜ ਵਿਚ ਵੀ ਸਮਤਲਤਾ ਪੈਦਾ ਕਰਨ ਲਈ,
ਜਵਾਰ-ਭਾਟਾ ਵਰਗੀਆਂ ਲਹਿਰਾਂ ਉੱਠਦੀਆਂ ਹਨ।

ਅਨੇਕਾਂ ਮੋਤੀ ਜਵਾਰ-ਭਾਟਾ ਦੀ ਜੱਦ ਵਿਚ ਆ ਕੇ,
ਲਹਿਰਾਂ ਤੋਂ ਹਮੇਸ਼ਾ ਲਈ ਦੂਰ ਹੋ ਜਾਂਦੇ ਹਨ।
ਮਰ ਜਾਂਦੇ ਹਨ।
ਸ਼ਾਇਦ ਇਨ੍ਹਾਂ ਦੀ ਇਹ ਹੀ ਮੁਕਤੀ ਹੁੰਦੀ ਹੈ।
ਦੁੱਖਾਂ ਤੋਂ ਮੁਕਤ ਹੁੰਦੇ ਹੁੰਦੇ,
ਜ਼ਿੰਦਗੀ ਤੋਂ ਮੁਕਤ ਹੋ ਜਾਂਦੇ ਹਨ।

↑ ਤਤਕਰਾ ↑

ਇਨ੍ਹਾਂ ਅਨੇਕਾਂ ਕੁਰਬਾਨੀਆਂ ਦੇ ਬਾ-ਵਜੂਦ,
ਸਮੁੰਦਰ ਵਿਚ ਕਦੇ ਸਮਤਲਤਾ ਨਹੀਂ ਆਈ,
ਸਮਾਜ ਵਿਚ ਕਦੇ ਸਮਤਲਤਾ ਨਹੀਂ ਆਈ।

ਹਰ ਚਿੰਤਕ, ਕੰਢੇ 'ਤੇ ਖੜਾ
ਜਵਾਰ-ਭਾਟਾ ਦੇਖਦਾ ਰਹਿੰਦਾ ਹੈ,
ਕੁਝ ਵੀ ਕਰਨ ਤੋਂ ਅਸਮਰੱਥ।

ਜਵਾਰ-ਭਾਟਾ ਦਾ ਸਿਲਸਿਲਾ ਚਲਦਾ ਰਿਹਾ ਹੈ,
ਚਲਦਾ ਹੈ, ਚਲਦਾ ਰਹੇਗਾ।

'ਸਮਤਲਤਾ ਦੀ ਇੱਛਾ' ਅਮਰ ਹੈ,
'ਸਮਤਲਤਾ ਦੀ ਇੱਛਾ' ਅਮਰ ਰਹੇਗੀ।

↑ ਤਤਕਰਾ ↑

# ਲੋੜ

1.
ਮੇਰੀ ਜ਼ੁਬਾਨ ਮੁਸਕਰਾਉਣਾ ਸੀ,
ਮੇਰੀ ਜ਼ੁਬਾਨ ਰੋਣਾ ਸੀ।

ਕਿਸੇ ਨੂੰ ਖ਼ੁਸ਼ ਕਰਨ ਲਈ,
ਮੁਸਕਰਾ ਦਿੱਤਾ।
ਆਪਣੀ ਲੋੜ ਪੂਰੀ ਕਰਨ ਲਈ,
ਰੋ ਕੇ ਦਿਖਾ ਦਿੱਤਾ।

ਬੱਚਾ ਇਹ ਹੀ ਤਾਂ ਕਰਦਾ ਹੈ!

ਅਜੇ ਵੀ ਮੇਰੀ ਜ਼ੁਬਾਨ,
ਮੁਸਕਰਾਉਣਾ ਹੈ,
ਅਜੇ ਵੀ ਮੇਰੀ ਜ਼ੁਬਾਨ,
ਰੋਣਾ ਹੈ।

2. ਮੇਰੀ ਲੋੜ
ਸਵੈ-ਬਚਾ ਤੋਂ ਵਧ ਕੇ,
ਦੁਨੀਆਂ ਤੇ ਰਾਜ ਕਰਨ ਤਕ ਚਲੀ ਗਈ।

3. ਜੇ ਲੋੜ ਅਧੂਰੀ ਰਹੀ,
ਮੇਰਾ ਰੋਣਾ ਖਿਝ ਵਿਚ ਬਦਲ ਗਿਆ,
ਖਿਝ ਨੇ ਮੈਨੂੰ ਬੜਾ ਕੁਝ ਸਿਖਾਇਆ!
ਚੋਰੀ,
ਹੇਰਾ ਫੇਰੀ,
ਬੇ-ਇਨਸਾਫ਼ੀ,
ਜ਼ਬਰਦਸਤੀ।

↑ ਤਤਕਰਾ ↑

4. ਜ਼ਬਰਦਸਤੀ, ਮੇਰੀ ਹੈਸੀਅਤ ਦੇ ਮੁਤਾਬਕ,
ਧੱਕੇ-ਮੁੱਕੀ ਤੋਂ ਜੰਗ ਤਕ ਚਲੇ ਗਈ

ਜੰਗ,
ਜਿਸ ਵਿਚ ਅਨੇਕਾਂ,
ਆਪਣੇ ਤੇ ਬੇਗਾਨੇ ਮਿਟ ਗਏ।
ਮੇਰੀ ਲੋੜ ਦੀ ਪੂਰਤੀ ਲਈ।

5. ਜ਼ਬਰਦਸਤੀ ਨੇ,
ਪਰਾਈ ਖ਼ੁਸ਼ੀ ਦਾ,
ਪਰਾਈ ਪੀੜ ਦਾ,
ਮੇਰੇ ਕੋਲੋਂ ਮੇਰਾ ਅਹਿਸਾਸ ਖੋਹ ਲਿਆ।

6. ਅਹਿਸਾਸ ਖੁੱਸ ਜਾਏ ਤਾਂ ਬੰਦਾ,
ਹੋਰ ਜੀਵ-ਨਸਲਾਂ ਨੂੰ ਖਾਣ ਲਈ,
ਫ਼ਸਲਾਂ ਵਾਂਗ ਉਗਾਉਂਦਾ ਹੈ।

7. ਪੁਜਾਰੀ ਦੀ ਲੋੜ ਨੇ,
ਕੁਰਬਾਨੀ ਮੰਗੀ,
ਬੱਕਰੇ ਦੀ ਜਾਨ ਜਾਂਦੀ ਰਹੀ।

8. ਇਹ ‘ਧਰਮ’,
ਤਨ, ਮਨ, ਧਨ ਦੀ,
ਕੁਰਬਾਨੀ ਕਿਉਂ ਮੰਗਦੇ ਹਨ?

9. ਲੋੜ!
ਬੰਦੇ ਨੂੰ ‘ਨਿਰਪ’ ਬਣਾ ਦਿੰਦੀ ਹੈ।

↑ ਤਤਕਰਾ ↑

ਪਰਜਾ-ਪਤੀ ਹੁੰਦਾ ਹੈ ਰਾਜਾ ਜੇ ਤਾਂ 'ਪ੍ਰੀਤਮ'! ਦੱਸ ਇਹ,
ਹੁਣ ਤਾਈਂ 'ਜੰਗਲ ਦਾ ਰਾਜਾ ਸ਼ੇਰ', ਕਿਉਂ ਕਹਿੰਦੇ ਰਹੇ?

# ਰਾਜ ਕਰੇਗਾ ਖ਼ਾਲਸਾ?

ਜਾਗਤ-ਜੋਤ ਜੇ ਨਾ ਜਗੈ, ਕਿੰਜ ਖ਼ਾਲਸਾ ਹੋਏ?
ਜਾਗਤ-ਜੋਤ ਜੇ ਨਾ ਜਪੈ, ਕਿੰਜ ਖ਼ਾਲਸਾ ਹੋਏ?
ਪੂਰਨ-ਪ੍ਰੇਮ ਨਾ ਉਪਜੈ, ਕਿੰਜ ਖ਼ਾਲਸਾ ਹੋਏ?
ਪੀੜ-ਪ੍ਰਾਈ ਨਾ ਪਨਪਨੈ, ਕਿੰਜ ਖ਼ਾਲਸਾ ਹੋਏ?

ਜਾਗਤ-ਜੋਤ ਜੇ ਜਗ ਪਵੈ, ਰਾਜ ਕਰੇ ਕੋਈ ਕੀ!
ਜਾਗਤ-ਜੋਤ ਨੂੰ ਜੋ ਜਪੈ, ਰਾਜ ਕਰੇ ਕੋਈ ਕੀ!
ਪੂਰਨ-ਪ੍ਰੇਮ ਜੇ ਹੋ ਜਾਏ, ਰਾਜ ਕਰੇ ਕੋਈ ਕੀ!
ਪੀੜ-ਪ੍ਰਾਈ ਜੋ ਜਾਣ ਲਏ, ਰਾਜ ਕਰੇ ਕੋਈ ਕੀ!

ਧਰਤੀ ਅੰਬਰ ਹੋ ਸਕੇ, ਇਹ ਨਾ ਧਰਤੀ ਦੇ ਵੱਸ,
ਰਾਜ ਕਰੇਗਾ ਖ਼ਾਲਸਾ! ਕਿੰਜ? ਏਨਾ ਤੇ ਦੱਸ!

ਕਰਕੇ ਬੋਲ ਨਾ ਪਾਲਣਾ, ਇਹ ਬਿਪਰਨ ਕੀ ਰੀਤ,
ਸੱਚੋਂ ਉਰੇ ਹੀ ਜੀਵਣਾ, ਇਹ ਬਿਪਰਨ ਕੀ ਰੀਤ।
ਆਪਣਾ ਭਲਾ ਹੀ ਲੋਚਣਾ, ਇਹ ਬਿਪਰਨ ਕੀ ਰੀਤ,
ਕੁਝ ਕਰਨਾ ਕੁਝ ਆਖਣਾ, ਇਹ ਬਿਪਰਨ ਕੀ ਰੀਤ।

ਕਿਵੇਂ ਖ਼ਾਲਸਾ ਹੋਏਗਾ? ਜੋ ਨਾ ਸਭ ਦਾ ਮੀਤ,
ਕਿਵੇਂ ਖ਼ਾਲਸਾ ਹੋਏਗਾ? ਜੇ ਤਾਕਤ ਨਾਲ ਪ੍ਰੀਤ।
ਕਿਵੇਂ ਖ਼ਾਲਸਾ ਹੋਏਗਾ? ਜੇ ਦਿਲ ਠੰਡਾ ਸੀਤ,
ਕਿਵੇਂ ਖ਼ਾਲਸਾ ਹੋਏਗਾ? ਜਿਸ ਦੀ ਨਾ ਪ੍ਰਤੀਤ।

ਰਾਜ ਕਰਨ ਦੇ ਵਾਸਤੇ, ਕਦਰਾਂ ਹੋਵਣ ਭੱਸ,
ਰਾਜ ਕਰੇਗਾ ਖ਼ਾਲਸਾ! ਕਿੰਜ? ਏਨਾ ਤੇ ਦੱਸ!

↑ ਤਤਕਰਾ ↑

‘ਰਾਜੇ ਨੇ ਸ਼ੀਂਹ ਵਾਂਗਰਾਂ, ਹਾਕਮ ਵਾਂਗ ਸੁਆਨ’,
ਬਾਣੀ ਪੜ੍ਹ ਕੇ ਦੇਖ ਲੈ, ਹੈ ਬਾਣੀ ਦਾ ਫ਼ੁਰਮਾਨ।
ਸਗਲ ਪੁਰਖੁ ਮਹਿ ਹੋਵੰਦਾ ਉਹ ਪੁਰਖ ਪਰਧਾਨ,
ਸਾਧ-ਸੰਗ ਵਿਚ ਜਿਸਦਾ ਮਿਟ ਜਾਏ ਅਭਿਮਾਨ।

ਮਿਟ ਜਾਏ ਅਭਿਮਾਨ ਜੇ, ਰਾਜ ਨਾ ਕੀਤਾ ਜਾਏ,
ਹੋਵੇ ‘ਸਭ-ਸਮਾਨ’ ਜੇ, ਰਾਜ ਨਾ ਕੀਤਾ ਜਾਏ।
ਰੱਖੇ ਦੀਨ ਈਮਾਨ ਜੇ, ਰਾਜ ਨਾ ਕੀਤਾ ਜਾਏ,
ਬਣ ਜਾਵੇ ਇਨਸਾਨ ਜੇ, ਰਾਜ ਨਾ ਕੀਤਾ ਜਾਏ।

ਦੋ ਵੱਖ ਵੱਖ ਸ਼ਖ਼ਸੀਅਤਾਂ, ਦੋ ਵੱਖ ਵੱਖ ਰਹੱਸ,
ਰਾਜ ਕਰੇਗਾ ਖ਼ਾਲਸਾ! ਕਿੰਜ? ਏਨਾ ਤੇ ਦੱਸ!

ਰਾਜ-ਮਹਲ ਦੇ ਨ੍ਹੇਰ ‘ਚੋਂ ਆ ਜਾਵੇ ਜੋ ਲੋਏ,
ਨਾ ਪੂਰਨ[1], ਨਾ ਭਰਥਰੀ[2], ਨਾ ਸਿਧਾਰਥ[3] ਹੋਏ।
ਜਾਗਤ-ਜੋਤ ਜੇ ਜਗ ਪਏ, ਚਮਕ ਪਏ ਪ੍ਰਹਿਲਾਦ,
ਸੱਚ ਬੋਲਦਾ ਹੋ ਗਿਆ ‘ਹਰੀ ਚੰਦ’[4] ਬਰਬਾਦ।

ਰਾਜ-ਭਾਗ ਦੀ ਜ਼ਿੰਦਗੀ ਰੂਹ ਨੂੰ ਜਾਵੇ ਡੱਸ,
ਰਾਜ ਕਰੇਗਾ ਖ਼ਾਲਸਾ, ਕਿੰਜ? ਏਨਾ ਤੇ ਦੱਸ!

---

1 ਸ਼ਹਿਜ਼ਾਦਾ ਪੂਰਨ ਜੋ ਭਗਤ ਬਣ ਗਿਆ,
2 ਭਰਥਰੀ ਰਾਜ ਛੱਡ ਕੇ ਜੋਗੀ ਬਣ ਗਿਆ,
3 ਸ਼ਹਿਜ਼ਾਦਾ ਸਿਧਾਰਥ, ਬੁੱਧ ਬਣ ਗਿਆ,
4. ਰਾਜਾ ਹਰੀਸ਼ ਚੰਦਰ

↑ ਤਤਕਰਾ ↑

## ਆਜ਼ਾਦ

ਆਪਣੀ ਮਰਜ਼ੀ ਆਉਂਦੇ ਜਾਂਦੇ, ਆਪਣੀ ਮਰਜ਼ੀ ਬਹਿੰਦੇ,
ਆਪਣੀ ਮਰਜ਼ੀ ਖਾਂਦੇ ਪੀਂਦੇ, ਆਪਣੀ ਮਰਜ਼ੀ ਰਹਿੰਦੇ।
ਭਰੀ ਸਭਾ ਵਿਚ ਆਪਣੇ ਦਿਲ ਦੀ ਗੱਲ ਹਮੇਸ਼ਾ ਕਹਿੰਦੇ,
'ਪ੍ਰੀਤਮ' ਉਹ ਆਜ਼ਾਦ ਨੇ ਜਿਹੜੇ ਦਾਬ ਕਦੇ ਨਾ ਸਹਿੰਦੇ।

## ਗ਼ੁਲਾਮ

ਮਮਤਾ ਗ਼ੁਲਾਮ ਹੈ, ਦੋਸਤੀ ਗ਼ੁਲਾਮ ਹੈ,
ਆਦਤ ਗ਼ੁਲਾਮ ਹੈ, ਆਸ਼ਕੀ ਗ਼ੁਲਾਮ ਹੈ,
ਕਾਮ ਕ੍ਰੋਧ ਲੋਭ ਮੋਹ ਹੰਕਾਰ ਵਿਚ ਫਸੀ,
'ਪ੍ਰੀਤਮ' ਜੇਕਰ ਹੈ, ਜ਼ਿੰਦਗੀ ਗ਼ੁਲਾਮ ਹੈ।

↑ ਤਤਕਰਾ ↑

# ਅੱਜ ਹਿਮਾਲਾ[1] ਵਿਚੋਂ ਲਾਵਾ ਫੁੱਟਿਆ[*]

ਵਿਸ਼ਵ-ਅਮਨ ਦਾ ਸੁਪਨਾ ਮੇਰਾ ਟੁੱਟਿਆ,
ਅੱਜ ਹਿਮਾਲਾ ਵਿਚੋਂ ਲਾਵਾ ਫੁੱਟਿਆ।
'ਆਪਣੇ ਅਤੇ ਪਰਾਏ ਜ਼ਾਲਿਮ-ਵਰਗ'[2] ਤੋਂ,
ਦੁਨੀਆਂ ਨੇ ਕੁਝ ਸੁਖ ਦਾ ਸਾਹ ਸੀ ਦੇਖਿਆ।
ਸਦੀਆਂ ਦੇ ਜੰਗ-ਔ-ਜਦਲ ਦੇ ਦੌਰ ਤੋਂ
ਅਮਨ ਦੇ ਵੱਲ ਨੂੰ ਜਾਂਦਾ ਰਾਹ ਸੀ ਦੇਖਿਆ।

ਪਰ ਇਕ ਸੁੱਤੇ ਰਿਸ਼ੀ ਨੇ ਉੱਠ ਕੇ ਫੇਰ ਅੱਜ,
ਅੱਭੜ-ਵਾਹੇ ਪੈਰ ਪਿਛਾਂਹ ਨੂੰ ਪੁੱਟਿਆ;
ਨਫ਼ਰਤ ਜਿਸ 'ਤੇ ਫਿਰ ਤੋਂ ਕਾਬਜ਼ ਹੋ ਗਈ
ਅਮਨ-ਦੇ-ਬਾਗੇ ਜੰਗ ਦਾ ਬੂਟਾ ਫੁੱਟਿਆ।

ਹੀਰੋਸ਼ੀਮਾਂ, ਨਾਗਾਸਾਕੀ[3] ਨਾਮ ਦੋ,
ਮਾਨੁੱਖਤਾ ਨੂੰ ਯਾਦ ਕਰਉਂਦੇ ਰਹਿਣਗੇ,
"ਤੇਰੇ ਮੱਥੇ ਜੋ ਕਾਲ਼ਖ਼ ਦੇ ਦਾਗ਼ ਨੇ,
ਨਾ ਹੀ ਲੱਥੇ ਹਨ ਤੇ ਨਾ ਹੀ ਲਹਿਣਗੇ"।

ਬੰਬ ਪਰਾਏ ਹੋਣ ਜਾਂ ਹੋਵਣ ਆਪਣੇ,
ਮਾਨਵਤਾ ਦਾ ਝੁੱਗਾ ਹੀ ਨੇ ਸਾੜਦੇ।
ਟੈਂਕ ਪਰਾਏ ਹੋਣ ਜਾਂ ਹੋਵਣ ਆਪਣੇ,
ਉਹ ਤਾਂ ਪੱਕਣ ਵਾਲੀ ਫ਼ਸਲ ਉਜਾੜਦੇ।

ਹਥਿਆਰਾਂ ਦੀ ਛਾਂ ਤੋਂ ਸੁਖ ਨਾ ਭਾਲਿਓ!
ਹਥਿਆਰਾਂ ਤੋਂ ਲੱਗੇ ਤਾਂ ਅੱਗ ਲੱਗਦੀ।
ਗੋਲੀ ਜਦ ਵੀ ਸੀਮਾਂ 'ਤੇ ਚੱਲੇ ਕਦੇ,
ਘਰ ਵਿਚ ਬੈਠੀ ਮਾਂ ਦੇ ਸੀਨੇ ਵੱਜਦੀ।

↑ ਤਤਕਰਾ ↑

ਜੰਗ ਤਾਂ ਖ਼ੁਦ ਇਕ ਮਸਲਾ ਹੈ, ਇਹ ਕਿਸ ਤਰ੍ਹਾਂ,
ਉਲਝੇ ਹੋਏ ਮਸਲੇ ਨੂੰ ਸੁਲਝਾਏਗੀ?
ਖ਼ੂਨ-ਖ਼ਰਾਬਾ, ਮਹਿੰਗਾਈ, ਬੋਝਲ-ਦਿਮਾਗ਼,
ਆਏਗੀ ਤਾਂ ਇਹ ਹੀ ਦੇ ਕੇ ਜਾਏਗੀ।

ਰਾਜ ਕਰਨ ਦੇ ਤੌਰ ਪੁਰਾਣੇ ਨਾ ਰਹੇ,
ਅੱਜ ਉਹ ਆਗੂ ਹੈ ਜੋ ਰਾਹ ਦਿਖਾ ਸਕੇ,
ਭੁੱਖ, ਗ਼ਰੀਬੀ ਮੇਟਣ ਦੇ ਲਈ ਦੇਸ਼ ਦੀ,
ਯੋਜਨਾਵਾਂ 'ਤੇ, ਜੰਤਾ ਕਾਰੇ ਲਾ ਸਕੇ।

ਚੰਗੀਆਂ ਸੜਕਾਂ, ਚੰਗੀਆਂ ਬੱਸਾਂ, ਗੱਡੀਆਂ,
ਖਾਣ ਪੀਣ ਦੀ ਹਰ ਇਕ ਨੇਅਮਤ ਦੇ ਸਕੇ,
ਭਰਿਸ਼ਟਾਚਾਰ ਦੇ ਮਾਰੂਪਨ ਤੋਂ ਬਚਣ ਲਈ,
ਵਿੱਦਿਆ ਦੇ ਕੇ, ਚੰਗੀ ਨੀਅਤ ਦੇ ਸਕੇ।

ਜਿੱਥੇ ਬਚਪਨ ਬੇਪਰਵਾਹਾ ਪਲ ਸਕੇ
ਅਤੇ ਜਵਾਨੀ ਆਪਣੀ ਮੌਜ ਮਨਾ ਸਕੇ।
ਬੁਢਾਪਾ ਨਾ ਗਲੀ ਗਲੀ ਰੁਲਦਾ ਫਿਰੇ,
ਹਰ ਕੋਈ ਮਰਨ ਤੋਂ ਪਹਿਲਾਂ ਮੁਕਤੀ ਪਾ ਸਕੇ।

ਜਿੱਥੇ ਨਾ ਦੋ ਗੱਭਰੂ ਬੰਨੇ[4] 'ਤੇ ਖੜੇ,
ਇਕ ਦੂਜੇ ਨੂੰ ਖ਼ਤਮ ਕਰਨ ਦੀ ਸੋਚਦੇ,
ਜਿੱਥੇ ਨਾ ਕਿਸੇ ਔਰਤ ਦੇ ਜਜ਼ਬਾਤ ਹੁਣ,
ਜੰਗ ਦੇ ਖ਼ੌਫ਼ ਤੋਂ ਮੁਕਤ ਹੋਣ ਨੂੰ ਲੋਚਦੇ।

ਇਹ ਸਭ ਕੁਝ ਇਕ ਸੋਚ ਸੁਹਾਣੀ ਹੀ ਨਹੀਂ,
ਇਹ ਸਭ ਕੁਝ ਅੱਜ ਦੁਨੀਆਂ ਦੇ ਵਿਚ ਹੋ ਰਿਹਾ।
ਬੰਬ ਬਣਾਵਣ ਵਾਲਾ ਆਗੂ, ਨ੍ਹੇਰ ਵਿਚ,
ਹੁਣ ਤਕ ਉਹੀ ਪੁਰਾਣੀ-ਚੱਕੀ ਝੋ ਰਿਹਾ।

ਪਿਛਲੇ ਪੰਜ ਦਹਾਕੇ ਜੋ ਸੁਧਰੀ ਨਹੀਂ,
ਦੇਸ਼ ਦੀ ਹਾਲਤ ਬੰਬ ਕਿਵੇਂ ਸੁਧਰਾਏਗਾ?
ਕਿਵੇਂ ਨਛੱਤਿਆਂ ਦੇ ਸਿਰ 'ਤੇ ਛੱਤ ਪਾਏਗਾ?
ਕਿਵੇਂ ਇਹ ਭੁੱਖਿਆਂ ਦੇ ਮੂੰਹ ਦਾਣਾ ਪਾਏਗਾ?

↑ ਤਤਕਰਾ ↑

ਕਿਵੇਂ ਇਹ ਘਰ ਘਰ ਦੇ ਵਿਚ ਫ਼ੋਨ[5] ਲਗਾਏਗਾ?
ਕਿਵੇਂ ਇਹ ਇੰਟਰਨੈੱਟ[6] ਦੇ ਜੌਹਰ ਦਿਖਾਏਗਾ?
ਦਫ਼ਤਰ ਵਿਚ ਆਏ ਨੂੰ ਬੰਦਾ ਸਮਝਣਾ,
ਦਫ਼ਤਰ ਵਿਚ ਬੈਠੇ ਨੂੰ ਕਿੰਜ ਸਮਝਾਏਗਾ?

ਨਫ਼ਰਤ ਭਰੇ ਦਿਮਾਗ਼ ਨਾ ਜੇ ਕਾਬੂ ਰਹੇ,
ਅਮਨ ਦੀ ਥਾਂ ਇਹ ਜੰਗ ਦਾ ਰਸਤਾ ਲੈਣਗੇ।
ਇੰਜ ਮਸਲਾ ਸੁਲਝਾਉਣ ਦੀ ਕੋਸ਼ਿਸ਼ ਕਰਦਿਆਂ,
ਬੇਸ਼ੁਮਾਰ ਮਸਾਇਲ[7] ਸਿਰ ਆ ਪੈਣਗੇ।

* ਸਾਹਿਰ ਲੁਧਿਆਣਵੀ ਦੀ ਯਾਦ ਵਿਚ।
1. ਬਰਫ਼ ਦਾ ਬਣਿਆਂ ਹੋਇਆ।
2. Dictators and Colonists
3. ਜਪਾਨ ਦੇ ਦੋ ਸ਼ਹਿਰ ਜਿੱਥੇ ਦੂਜੀ ਵੱਡੀ ਜੰਗ ਵਿਚ ਅਮ੍ਰੀਕਾ ਵੱਲੋਂ ਐਟਮ ਬੰਬ ਸੁੱਟੇ ਗਏ ਸਨ।
4. ਸਰਹੱਦ 5. Telephone 6. Internet
7. ਮਸਲਾ ਦਾ ਬਹੁ ਵਚਨ

↑ ਤਤਕਰਾ ↑

ਮਹਾਂਰਾਜਾ ਰਣਜੀਤ ਸਿੰਘ ਦੀ ਤਾਜ-ਪੋਸ਼ੀ ਦੀ
200ਵੀਂ ਵਰ੍ਹੇ ਗੰਢ ‘ਤੇ

# ਤਾਜ-ਪੋਸ਼ੀ ਦਾ ਭੂਤ

ਬੜਾ ਅਫ਼ਸੋਸ ਹੈ ਕਿ ਕੁਝ ਪੰਜਾਬੀ ਲੇਖਕਾਂ ਮਿਲਕੇ,
ਮਨੁੱਖਤਾ ਦੀ ਭਲਾਈ ਦੇ, ਕੁਝ ਮਾਅਨੇ ਭੁਲਾਏ ਨੇ।
ਕਿਸੇ ਵੀ ਕੌਮ ਦਾ ਸਨਮਾਨ ਉਸਦੇ ਲੋਕ ਹੁੰਦੇ ਨੇ,
ਇਨ੍ਹਾਂ ਪਰਜਾ ਦੀ ਥਾਂ ‘ਤੇ ਸੋਹਿਲੇ ਰਾਜੇ ਦੇ ਗਾਏ ਨੇ।

ਤਸ਼ੱਦਦ ਕਰਕੇ ਬਣਦਾ ਸੀ, ਜੋ ਵੀ ਰਾਜਾ ਬਣਦਾ ਸੀ,
ਉਸ ਤੋਂ ਆਕੀਆਂ ਦੇ ਵਾਸਤੇ, ਸ਼ਮਸ਼ੀਰ ਹੁੰਦੀ ਸੀ।
ਜਿਹੜੇ ਚਾਪਲੂਸੀ ਕਰਦੇ ਸਨ ਤੇ ਈਨ ਮੰਨਦੇ ਸਨ,
ਉਨ੍ਹਾਂ ਬੇ-ਗ਼ੈਰਤਾਂ ਦੇ ਵਾਸਤੇ, ਜਾਗੀਰ ਹੁੰਦੀ ਸੀ।

‘ਦਰਜਨ’ ਰਾਜਿਆਂ ‘ਚੋਂ ਉੱਠਣਾ ਉਸਦੀ ਸਿਆਸਤ ਸੀ,
ਉਹ ਰਾਜਾ ਏਸ ਕਰਕੇ ਨਾ ਸੀ, ਕਿ ਬਹੁਤਾ ਬਹਾਦਰ ਸੀ।
ਉਸ ਦੇ ਸਮੇਂ ਦਾ ਇਖ਼ਲਾਕ, ਉਸ ਤੋਂ ਬਹੁਤ ਉੱਚਾ ਸੀ,
ਨਹੀਂ ਤਾਂ ਉਸਦਾ ਹਰ ਜਰਨੈਲ ਵੀ ਉਸਦੇ ਬਰਾਬਰ ਸੀ।

ਸਿਆਸਤ ਕਾਲ ਪਾ ਕੇ, ਅੰਨ ਦੇ ਕੇ, ਦਾਦ ਲੈਂਦੀ ਹੈ,
ਛੁਪਾ ਕੇ ਵਾਰ ਕਰਨਾ, ਏਸ ਦੀ ਔਕਾਤ ਹੁੰਦੀ ਹੈ।
ਆਪਣੇ ਰਾਜਸੀ ਰਾਹਾਂ ‘ਚ ਕੰਡਿਆਂ ਦੇ ਮਿਟਾਵਣ ਨੂੰ,
ਇ੍ਹਦਾ ਹਰ ਮਜ਼੍ਹਬ ਹੁੰਦਾ ਹੈ, ਇ੍ਹਦੀ ਹਰ ਜ਼ਾਤ ਹੁੰਦੀ ਹੈ।

ਜੇ ਰਣਜੀਤ ਸਿੰਘ ਨੇ ਸ਼ਾਹ-ਸ਼ੁਜਾ ਦੀ ਮੱਦਦ ਕੀਤੀ ਸੀ,
ਕੀ ਉਹ ਕੀਤੀ ਸੀ ਇਨਸਾਫ਼ ਦੇ ਦਸਤੂਰ ਦੀ ਖ਼ਾਤਿਰ,
ਮੇਰੀ ਸੋਚ, ਮੈਨੂੰ ਸੋਚਣ ਲਈ ਮਜਬੂਰ ਕਰਦੀ ਹੈ,
ਕਿ ਜਾਂ ਓਸ ਨੇ ਕੀਤੀ ਸੀ, ‘ਕੋਹ-ਏ-ਨੂਰ’ ਦੀ ਖ਼ਾਤਿਰ।

‘ਗੁਰੂ ਦਾ ਪੰਥ’ ਕਰਕੇ ਹੀ ਤਾਂ ਉਸਦਾ ਰਾਜ ਬਣਿਆਂ ਸੀ,
ਆਪਣੇ ਮੰਦੇ-ਕੰਮੀ ਜਦ ਉਹ ਇਸ ਤੋਂ ਦੂਰ ਹੋਇਆ ਸੀ,
ਆਪਣਾ ਰਾਜ ਕਾਇਮ ਰੱਖਣਾ, ਸੰਭਵ ਨਾ ਜਦ ਲੱਗਾ,
‘ਕੋੜੇ ਖਾਣ’ ਨੂੰ, ਉਹ ਏਸ ਲਈ ਮਜਬੂਰ ਹੋਇਆ ਸੀ।

↑ ਤਤਕਰਾ ↑

‘ਖੋਰੀ’ ਦੀ ਤਰ੍ਹਾਂ ਸਿੱਖ-ਰਾਜ, ਬਲਿਆ, ਬੁਝ ਗਿਆ ਉਸ ਤੋਂ,
ਬੁਝਦੀ ਚਿਣਗ ਨੂੰ, ਉਹ ‘ਮੁੱਢ’ ਦੀ ਢਾਰਸ ਨਾ ਦੇ ਸਕਿਆ।
ਦੂਰ-ਅੰਦੇਸ਼ ਨਾ ਹੋ ਕੇ, ਗ਼ੁਲਾਮੀ ਦੇ ਗਿਆ ਸਾਨੂੰ,
ਆਪਣੀ ਕਮ-ਨਿਗਾਹੀ ਕਰਕੇ ਉਹ ਵਾਰਿਸ ਨਾ ਦੇ ਸਕਿਆ।

ਧਰਮ ਤੇ ਫ਼ਲਸਫ਼ੇ ਦੇ ਵਾਸਤੇ, ਨਾ ਸੀ ਸਮਾਂ ਉਸ ਨੂੰ,
ਰਾਜੇ ਰਾਣਿਆਂ ਦੇ ਵਾਂਗ, ਉਹ ਵੀ ਬੇ-ਨਿਵਾਜਾ ਸੀ।
ਅਸੀਂ ਨਿੰਦਿਆ, ਹਮੇਸ਼ਾ ਇਸ ਤਰ੍ਹਾਂ ਦੇ ਰਾਜਿਆਂ ਤਾਈਂ,
ਆਪਣਾ ਸੀ ਤਾਂ ਕੀ ਹੋਇਆ ਮਗਰ ਉਹ ਵੀ ਤਾਂ ਰਾਜਾ ਸੀ।

‘ਲੋਕਰਾਜ’ ਦੀ ਨੀਂਹ ਸੀ ਗੁਰੂ ਗੋਬਿੰਦ ਨੇ ਰੱਖੀ,
ਮਨੁੱਖਤਾ ਦੇ ਲਈ ਇਸ ‘ਤੇ, ਮਹਿਲ ਉਸਾਰਿਆ ਜਾਵੇ।
ਮਜ਼ਲੂਮਾ ਤੇ ਬੇ-ਸਹਾਰਿਆਂ ਦਾ ਭਾਰ ਚੁੱਕਣ ਲਈ,
‘ਤਾਜ-ਪੋਸ਼ੀ’ ਦਾ ਇਹ ਭੂਤ ਸਿਰ ਤੋਂ ਲਾਹ ਲਿਆ ਜਾਵੇ।

↑ ਤਤਕਰਾ ↑

## ਕੁਝ ਸ਼ੇਅਰ

ਪੱਤੀਆਂ, ਕੁਝ ਇਸ ਅਦਾ ਦੇ ਨਾਲ ਖੜੀਆਂ ਹੋਈਆਂ,
ਦੂਰ ਤੋਂ ਇਨ੍ਹਾਂ ਨੂੰ ਦੇਖੋ, ਤਾਂ ਨਿਰਾ ਫੁੱਲ ਲੱਗਦੀਆਂ।

ਮੱਛੀਆਂ ਦੇ ਹੰਝੂ, ਕੋਈ ਵੇਖੇ ਜੇ ਤਾਂ ਕਿਸ ਤਰ੍ਹਾਂ!
ਜ਼ਖ਼ਮੀਂ ਹੋ ਕੇ ਰੋਂਦੀਆਂ ਨੇ, ਜਦ ਉਹ ਪੱਥਰ ਚੱਟਦੀਆਂ।

ਖੂਹ ਵੀ, ਪਹਾੜ ਵੀ, ਬੋਲੋ ਤਾਂ ਸਾਂਗਾਂ ਲਾਵੰਦੇ,
ਕਮਜ਼ੋਰੀਆਂ, ਗੁਮਾਨੀਆਂ, ਏਸੇ ਤਰ੍ਹਾਂ ਹੀ ਕਰਦੀਆਂ।

ਬੂੰਦਾਂ ਦੀ ਤਾਕਤ ਬੜੀ, ਜਦ 'ਕੱਠੀਆਂ ਹੋ ਕੇ ਵਗਦੀਆਂ,
ਇਕ ਦੂਜੇ ਦੇ ਲਈ, ਕੁਝ ਡੁੱਬਦੀਆਂ, ਕੁਝ ਤਰਦੀਆਂ।

ਵਹਿਣ ਦੇ ਵਿਚ ਡੁੱਬੀ ਹੋਈ ਬੂੰਦ ਤਰਨਾ ਲੋਚਦੀ,
ਏਸੇ ਕਰਕੇ ਹੀ 'ਪ੍ਰੀਤਮ' ਸ਼ਾਇਦ ਲਹਿਰਾਂ ਬਣਦੀਆਂ।

↑ ਤਤਕਰਾ ↑

# ਨਿਰਪ - ੳ

ਜੋ ਸੁੱਕਾ ਹੋਵੇ, ਨਿਰਪ ਹੈ।
ਜੋ ਰੁੱਖਾ ਹੋਵੇ, ਨਿਰਪ ਹੈ।
ਲੱਖ ਨਿਅਮਤ ਘਰ ਵਿਚ ਹੁੰਦਿਆਂ,
ਜੋ ਭੁੱਖਾ ਹੋਵੇ, ਨਿਰਪ ਹੈ।

ਮਨ ਉੱਚੇ ਵਾਲਾ, ਨਿਰਪ ਹੈ।
ਮੱਤ ਨੀਂਵੀਂ ਵਾਲਾ ਨਿਰਪ ਹੈ।
ਘਰ ਫੂਕ ਜੋ ਚਾਨਣ ਦੇਵੰਦਾ,
ਐਸਾ ਉਜਾਲਾ, ਨਿਰਪ ਹੈ।

ਅਮਿਤੋਜ ਨੂੰ ਵਰਤੇ, ਨਿਰਪ ਹੈ।
ਜੋ ਫੌਜ ਨੂੰ ਵਰਤੇ, ਨਿਰਪ ਹੈ।
ਆਪਣੀ ਹੀ ਧਾਂਕ ਜਮਾਣ ਲਈ,
ਜੋ ਖੋਜ ਨੂੰ ਵਰਤੇ, ਨਿਰਪ ਹੈ।

ਜੋ ਜ਼ੁਲਮ ਕਮਾਵੇ, ਨਿਰਪ ਹੈ।
ਬਣਿਆਂ ਨੂੰ ਢਾਵੇ, ਨਿਰਪ ਹੈ।
ਆਪਣਾ ਮਨ ਠੰਡਾ ਕਰਨ ਲਈ,
ਅੱਗਾਂ ਲਗਵਾਵੇ, ਨਿਰਪ ਹੈ।

ਰੱਬ ਦਾ ਘਰ ਢਾਵੇ, ਨਿਰਪ ਹੈ।
ਜੀਵਨ ਮਿਟਵਾਵੇ, ਨਿਰਪ ਹੈ।
ਆਪਣੀ ਤਾਕਤ ਦੇ ਜ਼ੋਰ ‘ਤੇ,
ਜੋ ‘ਰੱਬ’ ਅਖਵਾਵੇ, ਨਿਰਪ ਹੈ।

ਹਰ ਨਿਰਪ ਦੇ ਸੌ ਸੌ ਰੂਪ ਨੇ,
ਖ਼ੁਦ ਦਾ ਮਤਵਾਲਾ, ਨਿਰਪ ਹੈ।
ਅਨਿਰਪ ਦੇ ਭੇਸ ‘ਚ ਵੀ ਮਿਲੇ,
ਇਹ ਬੜਾ ਨਿਰਾਲਾ ਨਿਰਪ ਹੈ।

↑ ਤਤਕਰਾ ↑

# ਨਿਰਪ - ਅ

ਮੇਰੇ ਲਫ਼ਜ਼ਾਂ ਦਾ ਨੰਗੇਜ਼ ਨਾ ਦੇਖ, ਓ ਜ਼ਮਾਨੇ!
ਤੇਰੀ ਜ਼ਮੀਰ ਨੂੰ ਸੁੱਤਿਆਂ ਦੇਖ ਕੇ ਸ਼ਰਮ ਲਾਹੀ ਹੈ।

ਮੈਂ ਇਹ ਕਹਿੰਦਾ ਹਾਂ ਕਿ ਕੋਸ਼ ਦੇ ਸਫ਼ਿਆਂ ਉੱਤੋਂ,
ਜ਼ੁਲਮ ਤੇ ਜ਼ਾਲਿਮ ਦੇ ਲਫ਼ਜ਼ ਮਿਟਾ ਦੇਣਾ।
ਬਾਰਬੇਰੀਅਨ ਜੋ ਮਰ ਗਿਆ ਸੀ ਕਦੀ,
ਉਸ ਦੀ ਕਬਰ ਨੂੰ ਪੁੱਟ ਕੇ, ਉਹਨੂੰ ਜਗਾ ਦੇਣਾ।

ਕੋਈ ਜੇ 'ਕਰ' ਨਾ ਦੇ ਸਕੇ ਤਾਂ ਉਸਦੇ ਜਿਸਮ ਉੱਤੋਂ,
ਸਿਰਫ਼ ਕੱਪੜੇ ਹੀ ਨਹੀਂ, ਬੋਟੀਆਂ ਉੜਾ ਦੇਣਾ,
ਕੋਈ, ਜੇ ਉਹ ਨਾ ਕਰੇ, ਜੋ ਵੀ ਉਸਨੂੰ ਕਹਿ ਦੇਵੋ,
ਤਾਂ ਤੱਤੀ ਤਵੀ ਦੇ ਉੱਤੇ ਉਹਨੂੰ ਸੜਵਾ ਦੇਣਾ।

ਮੇਰੇ ਲਫ਼ਜ਼ਾਂ ਦਾ ਨੰਗੇਜ਼ ਨਾ ਦੇਖ, ਓ ਜ਼ਮਾਨੇ!
ਤੇਰੀ ਜ਼ਮੀਰ ਨੂੰ ਸੁੱਤਿਆਂ ਦੇਖ ਕੇ ਸ਼ਰਮ ਲਾਹੀ ਹੈ।

ਔਰਤਾਂ ਵੀ ਜੇ ਹੱਕ ਦੀ ਮੰਗ ਕਰਨ,
ਉਹਨਾਂ ਦੀ ਸਾਂਭੀ ਹੋਈ ਇੱਜ਼ਤ ਨੂੰ ਹੱਥ ਪਾ ਲੈਣਾ।
ਉਨ੍ਹਾਂ ਦੇ ਬੱਚਿਆਂ ਦੇ ਟੋਟੇ ਕਰ ਦੇਣਾ,
ਉੱਠਦੀ ਪੀੜ੍ਹੀ ਦੀ ਬਗ਼ਾਵਤ ਨੂੰ ਵੀ ਦਬਾ ਲੈਣਾ।

ਭੁੱਖੇ, ਨੰਗੇ ਤੇ ਬੇਘਰ, ਅਜੇ ਵੀ ਥੁਹੜੇ ਨੇ,
ਆਓ! ਕਿ ਇਨ੍ਹਾਂ ਦੀ ਗਿਣਤੀ ਨੂੰ ਵੀ ਵਧਾ ਲਈਏ।
ਕਦਮ ਕਦਮ 'ਤੇ ਗ਼ੁਲਾਮਾਂ ਦੀ ਲੋੜ ਪੈਂਦੀ ਹੈ,
ਮਹਿਲ ਮਹਿਲ ਵਿਚ ਇਹ ਲੋੜਵੰਦ ਸਜਾ ਲਈਏ।

ਮੇਰੇ ਲਫ਼ਜ਼ਾਂ ਦਾ ਨੰਗੇਜ਼ ਨਾ ਦੇਖ, ਓ ਜ਼ਮਾਨੇ!
ਤੇਰੀ ਜ਼ਮੀਰ ਨੂੰ ਸੁੱਤਿਆਂ ਦੇਖ ਕੇ ਸ਼ਰਮ ਲਾਹੀ ਹੈ।

↑ ਤਤਕਰਾ ↑

'ਹੀਰੋਸ਼ੀਮਾਂ' ਦਾ ਕੋਈ ਨਾ ਨਾਮ ਲਵੇ,
'ਵਿਸ਼ਵ-ਜੰਗਾਂ' ਨੂੰ ਵੀ ਭੁਲਾ ਲਈਏ।
ਕਦੇ 'ਰਾਵਣ','ਹਿਟਲਰ','ਬੁਸ਼' ਦੇ ਵਾਂਗ ਅਸੀਂ,
ਅਣਗਿਣਤ ਲੋਕਾਂ ਤੋਂ ਆਪਣਾ ਬਦਲਾ ਲਈਏ।

ਜੇ ਧਰਤੀ ਮਿਟ ਰਹੀ ਤਾਂ ਇਸ ਦਾ ਫ਼ਿਕਰ ਕੀ ਕਰਨਾ!
ਕਾਰਖ਼ਾਨਿਆਂ ਨੂੰ ਕਿਵੇਂ ਜਿੰਦਰੇ ਲਗਾ ਲਈਏ?
ਜੇ ਜ਼ਹਿਰੀ ਹੋ ਰਿਹਾ ਹੈ ਵਾਤਾਵਰਣ, ਤਾਂ ਕੀ ਹੋਇਆ?
ਚਲੋ! ਕਿ ਤਾਜ਼ਾ ਪਹਾੜੀ 'ਤੇ ਡੇਰਾ ਲਾ ਲਈਏ।

ਮੇਰੇ ਲਫ਼ਜ਼ਾਂ ਦਾ ਨੰਗੇਜ਼ ਨਾ ਦੇਖ, ਓ ਜ਼ਮਾਨੇ!
ਤੇਰੀ ਜ਼ਮੀਰ ਨੂੰ ਸੁੱਤਿਆਂ ਦੇਖ ਕੇ ਸ਼ਰਮ ਲਾਹੀ ਹੈ।

ਕੌਣ ਹੈ? ਜੋ ਖੜਿਆਂ ਹੋ ਕੇ ਸਾਡੇ ਸਾਹਮਣੇ,
ਸਾਡੀਆਂ ਗੋਲੀਆਂ ਦੀ ਤਾਕਤ ਨੂੰ ਲਲਕਾਰੇਗਾ?
ਕੌਣ ਹੈ? ਜੋ ਹੱਕ ਦਾ ਨਾਅਰਾ ਲਾ ਕੇ,
ਆਪਣੇ ਕਹੇ ਹੋਏ ਨੂੰ, ਕਰ ਗੁਜ਼ਾਰੇਗਾ?

ਇਨ੍ਹਾਂ, ਰੋਟੀ ਲਈ ਤਰਸਦੇ ਜੀਵਾਂ ਚੋਂ, ਕੋਈ
ਸਾਡੀ ਬਰਾਬਰੀ ਦਾ ਦਾਅਵਾ ਨਹੀਂ ਕਰ ਸਕਦਾ।
ਜ਼ਹਿਰ ਖਾ ਕੇ ਜਾਂ ਭੁੱਖ ਨਾਲ ਤਾਂ ਮਰ ਸਕਦਾ ਹੈ,
ਆਪਣੀ ਇੱਜ਼ਤ ਤੇ ਅਣਖ ਲਈ ਨਹੀਂ ਮਰ ਸਕਦਾ।

ਮੇਰੇ ਲਫ਼ਜ਼ਾਂ ਦਾ ਨੰਗੇਜ਼ ਨਾ ਦੇਖ, ਓ ਜ਼ਮਾਨੇ!
ਤੇਰੀ ਜ਼ਮੀਰ ਨੂੰ ਸੁੱਤਿਆਂ ਦੇਖ ਕੇ ਸ਼ਰਮ ਲਾਹੀ ਹੈ।

↑ ਤਤਕਰਾ ↑

## ਨਿਰਪ - ੲ

ਇਕ ਜੰਗਲ ਬੀਆਬਾਨ ਸੀ, ਲੱਗੇ, ਕਿ ਕਬਰਸਤਾਨ ਸੀ,
ਇਕ ਮਹਿਲ, ਸੁੰਨਾਂ ਦੇਖਿਆ, ਗ਼ਮ ਦੇ ਵਿਚ ਰੁੰਨਾਂ ਦੇਖਿਆ।

ਮੱਕੜੀ ਦਾ ਜਾਲਾ ਬੁਣੀਂਦਾ, ਪੱਤਾ ਵੀ ਡਿੱਗੇ, ਸੁਣੀਂਦਾ।
ਉਹਦੇ ਅੰਦਰ ਬੁੱਤ ਹੀ ਬੁਤ ਖੜੇ, ਸਾਰੇ ਦੇ ਸਾਰੇ ਚੁੱਪ ਖੜੇ।

ਕਈ ਮਰਦ ਤੇ ਕਈ ਸਨ ਨਾਰੀਆਂ, ਜਿਵੇਂ ਇੰਤਜ਼ਾਰਾਂ ਮਾਰੀਆਂ,
ਚੌਗਿਰਦਾ ਬੇ-ਆਵਾਜ਼ ਸੀ, ਹਰ ਸ਼ੈਅ ਵਿਚ ਛੁਪਿਆ ਰਾਜ਼ ਸੀ।

ਕੋਈ ਜ਼ੋਰ ਦਾ ਹਾਸਾ ਹੱਸਿਆ, ਜਿਵੇਂ ਖ਼ੌਫ਼ ਦਾ ਬੱਦਲ ਵੱਸਿਆ।
ਫਿਰ ਨੇੜੇ ਆ ਕੇ ਬੋਲਿਆ, ਉਸ ਭੇਦ ਇਸ ਤਰ੍ਹਾਂ ਖੋਲ੍ਹਿਆ,

"ਇਹ ਮੇਰਾ ਹੀ ਘਰ ਬਾਰ ਸੀ, ਮੈਨੂੰ ਇਸ ਦੇ ਨਾਲ ਪਿਆਰ ਸੀ।
ਕੀ ਘਰ ਅੰਦਰ, ਕੀ ਬਾਹਰ ਨੇ, ਸਭ ਮਤਲਬ ਦੇ ਹੀ ਯਾਰ ਨੇ।

ਪੱਥਰ ਦਿਲ ਸਭ ਇਨਸਾਨ ਹਨ, ਪੱਥਰ ਦੇ ਹੀ ਭਗਵਾਨ ਹਨ।
ਪੱਥਰਾਂ ਨਾਲ ਨਾਤਾ ਜੋੜਿਆ, ਪੱਥਰਾਂ ਨੇ ਸਭ ਕੁਝ ਤੋੜਿਆ।

ਐਸੇ ਹਾਲਾਤ ਤੋਂ ਅੱਕ ਕੇ, ਇਸ ਲੰਬੀ ਦੌੜ ਤੋਂ ਥੱਕ ਕੇ,
ਲੈ ਛੈਣੀਆਂ, ਸੁੰਬੇ, 'ਥੋੜੀਆਂ, ਮੈਂ ਕਈ 'ਚੱਟਾਨਾਂ' ਤੋੜੀਆਂ।

ਹੁਣ ਐਸੇ ਬੁੱਤ ਬਣਾ ਰਿਹਾਂ, ਜੋ ਜੀ ਚਾਹਵੇ, ਕਰਵਾ ਰਿਹਾਂ।
ਜੋ ਚਾਹਵਾਂ, ਬੁੱਤ ਬਣਾਵੰਦਾ, ਇਸ ਥਾਂ ਹਾਂ ਰੱਬ ਅਖਵਾਵੰਦਾ"।

↑ ਤਤਕਰਾ ↑

## ਨਿਰਪ - ਸ

ਤਹਿਜ਼ੀਬ-ਜ਼ਾਫ਼ਤਾ ਜਗ ਵਾਲੇ,
ਤਨ ਢਕਨੇ ਪਰ ਜਬ ਆਤੇ ਹੈਂ,
ਰੂੰਈਂ ਕੀ ਖਿਲੀ ਕਲੀਓਂ ਕੋ ਵੋਹ,
ਖੇਤੋਂ ਸੇ ਨੋਚ ਕੇ ਲਾਤੇ ਹੈਂ।
ਰੇਸ਼ਮ ਕੇ ਕੀੜੇ ਕੋ ਜ਼ਿੰਦਾ,
ਉਸ ਕੇ ਘਰ ਮੇਂ ਹੀ ਜਲਾਤੇ ਹੈਂ।
ਇਕ ਤਨ ਕੀ ਖਾਲ ਸਜਾਨੇ ਕੋ,
ਕਈ ਖਾਲ[1] ਉਤਾਰੇ ਜਾਤੇ ਹੈਂ।

1. ਲੈਦਰ ਜਾਂ ਫ਼ਰ ਕੋਟ

↑ ਤਤਕਰਾ ↑

# ਨਿਰਪ - ਹ

ਆਗ ਬਰਸਾਈ ਬਰਫ਼[1] ਨੇ, ਵਾਦੀਓਂ ਮੇਂ ਚਾਰ ਸੂ,
ਪਾਨੀ ਬਨ ਕਰ ਰਹਿ ਗਿਆ ਹੈ, ਖ਼ੌਲਤਾ ਫਿਰਤਾ ਲਹੂ।

ਗਾਓਂ ਕੀ ਗਲੀਓਂ ਪਿਹ ਕੈਸੇ ਆ ਕੇ ਦਹਿਸ਼ਤ ਛਾ ਗਈ,
ਦਿਲ ਤਲਾਤਮ[2] ਸੇ ਭਰੇ ਹੈ, ਔਰ ਚਿਹਰੇ ਜ਼ਰਦ-ਰੂ।

ਵੋਹ ਤੋ ਖ਼ੰਜਰ ਕੀ ਜ਼ੁਬਾਂ ਸੇ ਅਮਨ ਕੀ ਬਾਤੇਂ ਕਰੇਂ,
ਮੈਂ ਕਹੂੰ ਕਿ ਹੋ ਰਹੀ ਬਰਬਾਦੀਓਂ ਕੀ ਗੁਫ਼ਤਗੂ।

ਤੂ ਭੀ ਮਿੱਟੀ ਹੈ ਸਿਤਮਗਰ! ਫਿਰ ਤੇਰਾ ਜਾਦੂ ਕਹਾਂ?
ਨਾ ਨਯਾ ਪੌਦਾ ਉਗਾਏ, ਨਾ ਭਰੇ ਤੂ ਰੰਗ-ਓ-ਬੂ।

ਲੌਟ ਆਓ! ਉਸ ਤਰਫ਼ ਤੋ ਲਾਸ਼ੋਂ ਕੇ ਅੰਬਾਰ ਹੈਂ,
ਵੋਹ ਸਕੂੰ ਨਾ ਪਾ ਸਕੋਗੇ, ਜਿਸ ਕੀ ਤੁਮ ਕੋ ਜੁਸਤਜੂ।

ਰੌਸ਼ਨੀ ਕੀ ਆਰਜ਼ੂ ਕੋ ਰੌਸ਼ਨੀ ਹੀ ਸਮਝਨਾ,
ਦਿਲ ਕੇ ਅੰਧੇਰੋਂ ਮੇਂ ਪ੍ਰੀਤਮ! ਟਿਮਟਿਮਾਏ ਆਰਜ਼ੂ।

1. ਕਠੋਰ ਦਿਲ ਵਾਲਾ  2. ਤੂਫ਼ਾਨ

↑ ਤਤਕਰਾ ↑

# ਨਿਰਪ - ਕ

ਜੰਗਲ ਵੱਢ ਵੱਢ ਵਰਤੀ ਜਾਂਦੇ,
ਜੰਗਲ ਨਵੇਂ ਲਗਾਉਂਦੇ।
ਕੁੱਕੜ, ਮੱਛੀਆਂ, ਸੂਰ ਵਗੈਰਾ,
ਫ਼ਸਲਾਂ ਵਾਂਗ ਉਗਾਉਂਦੇ।

ਸ਼ੁਰੂ ਹੋ ਰਿਹਾ ਹੈ ‘ਖ਼ੁਦ’ ਨੂੰ ਵੀ,
ਕੰਮ ‘ਕਲੋਨ’[1] ਕਰਨ ਦਾ।
‘ਅੰਗ’ ਲੋੜੀਂਦੇ ਜਿੱਥੋਂ ਮਿਲਸਣ,
ਉਹ ‘ਭੰਡਾਰ’ ਭਰਨ ਦਾ।

ਸਾਡਾ ਆਪਣਾ ਗਿਆਨ ਹੀ ‘ਪ੍ਰੀਤਮ’!
ਇਸ ਦੀ ਜੜ੍ਹ ਹੋਵੇਗਾ,
ਲੋੜੀਂਦੇ ਗੁਣ, ਔਗੁਣ ਵਾਲਾ,
ਬੰਦਾ ਘੜ ਹੋਵੇਗਾ।

ਮਾਦਾ ਘਟ ਰਿਹਾ ਹੈ ਸਾਡਾ,
ਦੁੱਖ, ਤਕਲੀਫ਼ ਜਰਨ ਦਾ।
ਲੋਚ ਰਹੇ ਹਾਂ, ਨਾ ਹੀ ਹੋਵੇ
ਕਿਧਰੇ ਨਾਮ ‘ਮਰਨ’ ਦਾ।

‘ਗ਼ੈਰ-ਕੁਦਰਤੀ’ ਲੱਗਦਾ ਹੈ ਇਹ,
ਦੇਖੋ! ਕੀ ਹੁੰਦਾ ਹੈ!!
ਸੁਣਿਆਂ ਸੀ, “ਜੋ ਕੁਦਰਤ ਚਾਹਵੇ,
ਬਸ ਉਹੀ ਹੁੰਦਾ ਹੈ!”

---

1.Clone

↑ ਤਤਕਰਾ ↑

## ਨਿਰਪ - ਖ

ਕੁਦਰਤ ਮੇਰੇ ਬਿਨਾਂ ਅਧੂਰੀ,
ਮੈਂ ਰਲ ਜਾਵਾਂ ਹੋਵੇ ਪੂਰੀ।
ਪੂਰਣਤਾ ਦੇ ਲਈ 'ਪ੍ਰੀਤਮ'!
ਮੇਰੀ ਹੋਂਦ ਵੀ ਬਹੁਤ ਜ਼ਰੂਰੀ।

ਮੇਰੇ ਡੋਬੇ, ਮੇਰੇ ਸੋਕੇ,
ਮੇਰੀ ਹਸਤੀ ਵਿਚ ਪ੍ਰੋਤੇ,
ਮੇਰੇ ਕਾਰਨਾਮੇਂ ਵੀ ਹੈ ਨੇ,
ਲਹੂ ਦੇ ਲਿੱਬੜੇ, ਦੁੱਧੀਂ ਧੋਤੇ,
ਮੈਂ ਖ਼ਾਕੀ ਹੋ ਕੇ ਵੀ ਨੂਰੀ,
ਕੁਦਰਤ ਮੇਰੇ ਬਿਨਾਂ ਅਧੂਰੀ।

ਸਾਗਰ ਸਾਗਰ ਬਣ ਬੈਠਾ ਹੈ,
ਕਤਰੇ ਦੀ ਬਦੌਲਤ ਏਥੇ,
ਰਾਈ ਰਾਈ ਜੁੜ ਕੇ ਹੀ ਤਾਂ,
ਬਣ ਬੈਠੇ ਨੇ ਪਰਬਤ ਏਥੇ।
ਮੈਂ ਹਾਂ ਕੁਦਰਤ ਦੀ ਮਜਬੂਰੀ,
ਕੁਦਰਤ ਮੇਰੇ ਬਿਨਾਂ ਅਧੂਰੀ।

ਇਹ ਅਗਨੀ ਤਾਂ ਮੈਂ ਵੀ ਅਗਨੀ,
ਇਹ ਪਾਣੀ ਤਾਂ ਮੈਂ ਵੀ ਪਾਣੀ,
ਸਾਡੀ ਹਸਤੀ ਇਕ ਤਰ੍ਹਾਂ ਦੀ,
ਹੁੰਦੀ ਆਈ, ਹੁੰਦੀ ਜਾਣੀ।
ਸਾਡੇ ਅੰਦਰ ਕੋਈ ਨਾ ਦੂਰੀ।
ਕੁਦਰਤ ਮੇਰੇ ਬਿਨਾਂ ਅਧੂਰੀ।

↑ ਤਤਕਰਾ ↑

# ਨਿਰਪ - ਗ

*ਤੂੰ ਨਿਰਪ ਮੈਂ ਕੰਵਲ,*
*ਮੈਂ ਕਿੰਜ ਤੇਰਾ ਅੰਗ ਹੋ ਸਕਦਾਂ?*
*ਮੈਂ ਮੋਤੀ ਤੂੰ ਨਿਰਜਲ।*

ਮੈਂ ਨਿਰਪ ਤੂੰ ਕੰਵਲ,
ਡੂੰਘੀ ਸੋਚ ਕੇ ਜੇ ਦੇਖੇਂ ਤਾਂ,
ਇਕ ਹੀ ਨੇ ਇਹ ਜਲ, ਥਲ।

*ਮੇਰੇ ਹੰਝੂ, ਮੇਰਾ ਪਸੀਨਾ, ਮੇਰਾ ਖ਼ੂਨ ਵੀ ਤਰ ਹੈ,*
*ਮੇਰੇ ਸੀਨੇ ਦੇ ਵਿਚ ਅਸਲੀ, ਜਜ਼ਬਾਤ ਦਾ ਸਰ ਹੈ,*
*ਤੂੰ ਮਿਥਿਆ, ਤੂੰ ਬੁੱਤ, ਤੂੰ ਪੱਥਰ,*
*ਤੂੰ ਨਿਰਮੋਹ, ਤੂੰ ਬੇ-ਦਿਲ,*
*ਮੈਂ ਕਿੰਜ ਤੇਰਾ ਅੰਗ ਹੋ ਸਕਦਾਂ?*
*ਮੈਂ ਮੋਤੀ ਤੂੰ ਨਿਰਜਲ।*

ਤੂੰ ਮੋਤੀ, ਹੁਣ ਨਿਰਜਿੰਦ ਮੋਤੀ, ਤੇਰੇ ਸੀਨੇ ਛੇਕ ਪਿਆ,
ਤੇਰੀ ਹੋਂਦ ਅਜੇ ਵੀ ਕਾਇਮ, ਹੁਣ ਤਾਂ ਜਲ ਤੋਂ ਵਿੱਛੜਿਆ।
ਤੂੰ ਮੇਰਾ ਹੀ ਅੰਗ ਰਹੇਂਗਾ,
ਮੈਂ ਨਿਹਚਲ ਤੂੰ ਨਿਹਚਲ,
ਡੂੰਘੀ ਸੋਚ ਕੇ ਜੇ ਦੇਖੇਂ ਤਾਂ,
ਇਕ ਹੀ ਨੇ ਇਹ ਜਲ, ਥਲ।

↑ ਤਤਕਰਾ ↑

*ਨਾ ਮੈਂ ਨਿਰਪ ਤੇ ਨਾ ਮੈਂ ਨਿਹਚਲ, ਮੇਰੇ ਵਿਚ ਰਵਾਨੀ,*
*ਮੈਂ ਡੂੰਘੀ ਤੋਂ ਡੂੰਘੀ ਥਾਂ 'ਤੇ, ਮੈਂ ਰੌਣਕ ਅਸਮਾਨੀ,*
*ਮੈਂ ਖ਼ਾਕੀ ਹੋ ਕੇ ਵੀ ਨਿਰਮਲ,*
*ਮੈਂ ਉੱਤਮ, ਮੈਂ ਉੱਜਲ,*
*ਮੈਂ ਕਿੰਜ ਤੇਰਾ ਅੰਗ ਹੋ ਸਕਦਾਂ?*
*ਮੈਂ ਮੋਤੀ ਤੂੰ ਨਿਰਜਲ।*

ਨਿਰਪ ਅਨਿਰਪ ਦਾ ਤੈਨੂੰ 'ਪ੍ਰੀਤਮ'! ਐਵੇਂ ਭਰਮ ਪਿਆ ਹੈ,
ਤੇਰੀ ਹੋਂਦ ਦੇ ਹਰ 'ਕਤਰੇ' ਨੇ, 'ਨਿਰਪ' ਤੋਂ ਜਨਮ ਲਿਆ ਹੈ,
ਹਵਾ ਤੋਂ ਪਹਿਲਾਂ ਕਿੱਥੇ ਹੈ ਸਨ!
ਰਕਤ, ਬਿੰਦ ਜਾਂ ਇਹ ਜਲ,
ਡੂੰਘੀ ਸੋਚ ਕੇ ਜੇ ਦੇਖੇਂ ਤਾਂ,
ਇਕ ਹੀ ਨੇ ਇਹ ਜਲ, ਥਲ।

↑ ਤਤਕਰਾ ↑

# ਅੱਖਾਂ

ਇੱਕਲਵਾਂਜੇ ਖੜੀਆਂ ਅੱਖਾਂ,
ਜਾਂਦੇ ਰਾਹੀ ਤੱਕਦੀਆਂ,
ਨਾ ਝਮਕਣ ਦੀ ਤਲਬ ਹੈ ਕੋਈ
ਤੇ ਨਾ ਹੀ ਇਹ ਥੱਕਦੀਆਂ।

ਕਦੇ ਕਿਸੇ ਟਾਹਣੀ ਦੇ ਉੱਤੇ
ਹੈ ਸੀ ਜਿਹੜਾ ਬੂਰ ਪਿਆ,
ਫਲ ਬਣ ਉੱਠਿਆ, ਵੱਡਾ ਹੋਇਆ,
ਚਿਹਰਾ ਮੋਹਰਾ ਨਿੱਖਰਿਆ।
ਰੁੱਤ ਬਦਲਦੀ ਨਾਲ ਇਨ੍ਹਾਂ ਨੇ,
ਤੱਕੀਆਂ ਜਿੰਦਾਂ ਪੱਕਦੀਆਂ
ਇੱਕਲਵਾਂਜੇ ਖੜੀਆਂ ਅੱਖਾਂ,
ਜਾਂਦੇ ਰਾਹੀ ਤੱਕਦੀਆਂ,

ਇਹ ‘ਸਦੀਵੀ-ਪਤਾ’ ਹੈ ਇੱਕੋ,
ਪਿੰਡ ਦੇ ਲੱਖਾਂ ਲੋਕਾਂ ਦਾ।
ਇਸ ਥਾਂ ‘ਤੇ ਇਤਫ਼ਾਕ ਬੜਾ ਹੈ,
ਝੌਂਪੜੀਆਂ ਤੇ ਮਹਿਲਾਂ ਦਾ।
ਆਪਣੀ ਨਿੱਕੀ ਪੁਤਲੀ ਅੰਦਰ,
ਕਿੰਨੀਆਂ ਯਾਦਾਂ ਰੱਖਦੀਆਂ,
ਇੱਕਲਵਾਂਜੇ ਖੜੀਆਂ ਅੱਖਾਂ,
ਜਾਂਦੇ ਰਾਹੀ ਤੱਕਦੀਆਂ,

↑ ਤਤਕਰਾ ↑

ਇਹਨਾਂ ਵਿਚ ਦੇਖਣ ਦੀ
ਤਾਕਤ ਕਿੱਥੇ ਹੈ! ਜੇ ਨ੍ਹੇਰਾ ਹੈ।
ਏਸ ਆਖ਼ਰੀ-ਪੜਾ ਦੇ ਅੰਦਰ ਤਕ
ਇਹਨਾਂ ਦਾ ਘੇਰਾ ਹੈ।

ਚਾਨਣ ਨਾ ਹੋਵੇ ਤਾਂ 'ਪ੍ਰੀਤਮ'
ਇਹ ਅੱਖਾਂ ਨਾ ਕੱਖਦੀਆਂ।
ਇੱਕਲਵਾਂਜੇ ਖੜੀਆਂ ਅੱਖਾਂ,
ਜਾਂਦੇ ਰਾਹੀ ਤੱਕਦੀਆਂ,

↑ ਤਤਕਰਾ ↑

## ਦੋਹੇ

ਜੀਵਨ ਵਿਚੋਂ ਛੱਡ ਦਿਓ, ਕੋਝੇ ਬਣੇ ਸੰਬੰਧ,
ਇਸ ਤੋਂ ਪਹਿਲਾਂ ਕਿ ਬਣਨ ਉਹ ਖ਼ੁਸ਼ੀਆਂ ਲਈ ਫੰਧ।

ਜੋ ਕਰਨਾ ਹੈ ਕਰ ਸਦਾ ਉਹ ਜੁੱਰਤ ਦੇ ਨਾਲ,
ਮਿਲਣ ਜਾਂ ਵਿਛੜਨ ਵਾਸਤੇ ਕੋਈ ਮੌੜ ਨਾ ਭਾਲ।

ਜੋ ਜੀਵਨ 'ਚੋਂ ਲੰਘਦੇ ਉਹ ਦਿਨ ਮੁੜ ਨਾ ਆ'ਣ,
ਚਾਰ ਦਿਨਾਂ ਦੀ ਜ਼ਿੰਦਗੀ, ਝਗੜੇ ਨਾ ਖਾ ਜਾਣ।

ਸੌ ਥਾਂ ਦੁਨੀਆਂ ਦੱਸਦੀ, ਸੌ ਰਾਹ ਦੁਨੀਆਂ ਕੋਲ,
ਪਰ ਸਦਾ ਹੀ ਮੰਨਣਾ, ਆਪਣੇ ਦਿਲ ਦੇ ਬੋਲ।

ਕਿਸੇ ਵੀ ਥਾਂ ਤੋਂ ਤੁਰਨ ਦੀ, ਜਦ ਕਰਨੀ ਤਦਬੀਰ,
'ਲੋਕ-ਲਾਜ' ਨਾ ਬਣ ਜਾਏ ਪੈਰਾਂ ਦੀ ਜ਼ੰਜੀਰ।

'ਅਗਨ-ਪ੍ਰੀਖਿਆ' ਦੇਣ ਨੂੰ ਜੇ ਨਹੀਂ 'ਰਾਮ' ਤਿਆਰ,
ਹਰਜ ਨਹੀਂ 'ਸੀਤਾ' ਵਾਸਤੇ, ਕਰ ਦੇਣਾ ਇਨਕਾਰ।

ਏਨਾ ਨੇੜ ਵੀ ਨਾ ਕਰੋ, ਦੂਰੀ ਬਣੇ ਆਜ਼ਾਰ,
ਏਨਾ ਦੂਰ ਵੀ ਨਾ ਰਹੋ, ਕਿ ਦਿਸੇ ਨਾ ਪਾਰ।

ਜਿਸ ਨੇ ਪਾਈ ਨੇੜਿਓਂ ਜੀਵਨ ਉੱਤੇ ਝਾਤ,
ਉਹ ਦਿਨ ਨੂੰ ਦਿਨ ਆਖਦਾ ਤੇ ਰਾਤ ਨੂੰ ਰਾਤ।

ਰਿਸ਼ਤਾ ਉਹ ਹੈ, ਜਿਸ ਵਿਚ 'ਹੀਣ-ਭਾਵ' ਨਾ ਹੋਏ,
'ਓੜਕ ਤਕ ਨਿਭ ਜਾਣ', ਜੇ ਹੋਣ ਬਰਾਬਰ ਦੋਏ।

↑ ਤਤਕਰਾ ↑

## ਗਵਾਂਢ

ਤੇਰੇ ਘਰ ਤੋਂ ਮੇਰੇ ਘਰ ਤਕ, ਆ! ਇਕ ਡੰਡੀ ਪਾਈਏ,
ਏਥੋਂ ਓਥੇ, ਓਥੋਂ ਏਥੇ, ਰਲ ਮਿਲ ਜਾਈਏ ਆਈਏ।

'ਹਮਸਾਏ ਨੇ ਮਾਂ-ਪਿਓ ਜਾਏ' ਇਹ ਕਰ ਕੇ ਦਿਖਲਾਈਏ,
ਦੋਸਤੀਆਂ ਨੂੰ, ਆਪਣੇ ਖ਼ੂਨ ਦੇ ਰਿਸ਼ਤੇ ਵਾਂਗ ਨਿਭਾਈਏ।

ਆਪਣੀ ਆਪਣੀ ਰੋਟੀ ਭਾਵੇਂ ਵੱਖੋ ਵੱਖ ਪਕਾਈਏ,
ਸਾਲ ਛਿਮਾਹੀਂ ਇਕ ਥਾਂ ਬਹਿ ਕੇ ਖਾਣਾ ਵੰਡ ਕੇ ਖਾਈਏ।

ਬੱਚਿਆਂ ਵਿਚ ਜੇ ਹੋਵੇ ਝਗੜਾ, ਕਦੇ ਨਾ ਸ਼ੋਰ ਮਚਾਈਏ,
ਇਨ੍ਹਾਂ ਘੜੀ 'ਚ ਇਕ ਹੋ ਜਾਣਾ ਅਸੀਂ ਨਾ ਬੋਲ ਗਵਾਈਏ।

ਇਕ ਦੂਜੇ ਦਾ ਦੁੱਖ ਸੁਖ ਪ੍ਰੀਤਮ! ਏਥੋਂ ਤਕ ਵੰਡਾਈਏ,
ਜਦ ਤਕ ਦੁਖੀ ਗਵਾਂਢੀ ਜਾਗੇ ਆਪੂੰ ਨਾ ਸੌਂ ਜਾਈਏ।

↑ ਤਤਕਰਾ ↑

## ਸ਼ਾਹ ਜੀ!

ਸ਼ਾਹ ਜੀ! ਤੇਰੀ ਪੂੰਜੀ ਬਦਲੇ, ਆਪਣੀ ਮਿਹਨਤ ਦੇਂਦਾ ਹਾਂ,
ਮੇਰਾ ਇਹ ਕਿਰਦਾਰ ਹੈ ਕਿ, ਮੈਂ ਪੂਰੀ ਕੀਮਤ ਦੇਂਦਾ ਹਾਂ।

ਸ਼ਾਹ ਜੀ! ਮੈਨੂੰ ਪਤਾ ਨਹੀਂ ਹੈ, ਧਰਮੀ ਹਾਂ ਕਿ ਕਾਫ਼ਿਰ ਹਾਂ,
ਮੈ ਤੇ ਹਰ ਹਾਲਤ ਵਿਚ, ਹਰ ਥਾਂ, ਸਿਰਫ਼ ਸਦਾਕਤ ਦੇਂਦਾ ਹਾਂ।

ਸ਼ਾਹ ਜੀ! ਤੁਸੀਂ ਤਾਂ ਜਿਹੜਾ ਚਾਹਵੋ, ਉਹੀ ਹੁਸਨ ਖ਼ਰੀਦ ਸਕੋ,
ਪਰ ਮੈਂ ਓਸੇ ਹੁਸਨ ਦੀ ਖ਼ਾਤਿਰ, ਪਾਕ-ਮੁਹੱਬਤ ਦੇਂਦਾ ਹਾਂ।

ਸ਼ਾਹ ਜੀ! ਇਕ ਦੋਸਤ ਜੋ ਆਪਣੇ ਦੋਸਤ ਕੋਲੋਂ ਚਹੁੰਦਾ ਹੈ,
ਔਖਾ ਹੋਵਾਂ, ਸੌਖਾ ਹੋਵਾਂ, ਉਹ ਮੁਰੱਵਤ ਦੇਂਦਾ ਹਾਂ।

ਸ਼ਾਹ ਜੀ! ਮੇਰਾ ਨਾਮ ‘ਪ੍ਰੀਤਮ’, ਪ੍ਰੀਤ ਮੈਂ ਜਿਸ ਨੂੰ ਦੇਂਦਾ ਹਾਂ,
ਬਿਨਾ-ਸ਼ੱਕ, ਬੇ-ਸ਼ਰਤ ਦੇ ਉਸ ਨੂੰ, ਤਾ-ਕਿਆਮਤ ਦੇਂਦਾ ਹਾਂ।

↑ ਤਤਕਰਾ ↑

# ਜੇ ਲਿਖਾਰੀ ਹੋਵਾਂ

ਸੋਚਦਾ ਹਾਂ, ਕਿ ਜੇ ਹੋਵਾਂ ਤਾਂ ਲਿਖਾਰੀ ਹੋਵਾਂ,
ਕੋਈ ਤਕਦੀਰ ਲਿਖਵਾਵੇ ਤਾਂ ਮੈਂ ਤਕਦੀਰ ਲਿਖਾਂ।

ਜੋ ਕਰਮ-ਰੋਗ ਦੇ ਮਾਰੇ ਹੋਏ ਨੇ, ਉਹਨਾਂ ਲਈ,
ਕੋਈ ਉਸ ਰੋਗ ਤੋਂ ਆਰਾਮ-ਦੇ, ਅਕਸੀਰ ਲਿਖਾਂ।

ਉਹ ਜਿਹੜਾ ਰਾਜ਼ ਹੈ ਖ਼ੁਸ਼ੀਆਂ ਨੂੰ ਦਬਾਈ ਬੈਠਾ,
ਚਿਰਾਂ ਤੋਂ ਸੁਲਗ ਰਹੇ ਰਾਜ਼ ਦੀ ਤਸ਼ਹੀਰ ਲਿਖਾਂ।

ਕੋਈ ਆਜ਼ਾਦ-ਪ੍ਰਿੰਦਿਆਂ ਦਾ ਜੇ ਸੁਪਨਾ ਦੇਖੇ,
ਦਿਨ ਦੀ ਲੋਏ ਮੈਂ ਉਹਦੇ ਖ਼ਾਬ ਦੀ ਤਾਬੀਰ ਲਿਖਾਂ।

ਜਿਹੜੀ ਦੁਨੀਆਂ ਇਨਸਾਫ਼ ਨਹੀਂ ਦੇ ਸਕਦੀ,
ਬੇ-ਮੁਰੱਵਤ ਬੇ-ਨਿਆਂਈਂ ਦੀ ਅਖ਼ੀਰ ਲਿਖਾਂ।

ਇਸ ਤੋਂ ਪਹਿਲਾਂ ਕਿ ਕੋਈ ਮੈਥੋਂ ਦੂਰ ਲੈ ਜਾਵੇ,
ਮੈਂ ਉਸ ਨੂੰ ਆਪਣੀ ਹੀ ਰੂਹ ਦੀ ਜਾਗੀਰ ਲਿਖਾਂ।

ਐ 'ਪ੍ਰੀਤਮ'! ਮੈਂ ਚਹੁੰਦਾ ਹਾਂ ਉਹ ਨਵੀਸ ਬਣਾਂ,
ਸਮਝ ਦੀ, ਸੋਚ ਦੀ, ਜੁੱਰਤ ਦੀ ਤਹਰੀਰ ਲਿਖਾਂ।

↑ ਤਤਕਰਾ ↑

ਧਰਮੀ-ਕੱਟੜਤਾ ਦੇ ਮਾਰੇ ਇਕ ਦੇਸ਼ ਦੀ

# ਇਕ ਬੱਚੀ ਦਾ ਸਕੂਲ

ਮਾਂ ਦਾ ਦਰਦ ਹੀ ਦੇਖਿਆ ਹੈ ਮੈਂ,
ਮਾਂ ਦੀ ਪੀੜ ਹੀ ਦੇਖੀ ਹੈ ਮੈਂ,
ਮਾਂ ਦੀ ਚੁੱਪ ਹੀ ਦੇਖੀ ਹੈ ਮੈਂ,
ਇਹਦੀ ਇਕੱਲਤਾ ਦੇਖੀ ਹੈ ਮੈਂ।

ਮੈਂ ਕਦੇ ਬਾਪੂ ਵਾਂਗੂੰ ਇਸਨੂੰ,
ਹੱਸਦੇ ਮੱਲ੍ਹਦੇ ਨਹੀਂ ਦੇਖਿਆ,
ਪ੍ਰੇਸ਼ਾਨੀਆਂ ਵਿਚੋਂ ਨਿਕਲ.
ਕਦੇ ਖ਼ੁਸ਼ ਹੁੰਦੇ ਨਹੀਂ ਦੇਖਿਆ।

ਲਗਦਾ ਹੈ ਕਿ ਸਾਡੇ ਘਰ ਵਿਚ,
ਮਾਂ ਦੀ ਕੋਈ ਪਸੰਦ ਨਹੀਂ ਹੈ,
ਮਾਂ ਦਾ ਕੋਈ ਹੱਕ ਨਹੀਂ ਹੈ,
ਸਵਾਲ ਤਾਂ ਕੀ ਇਨਕਾਰ ਨਹੀਂ ਹੈ।

ਮਾਂ ਬੜਾ ਕੁਝ ਸਹਿ ਜਾਂਦੀ ਹੈ,
ਨਾ ਸਹਿ ਸਕੇ ਤਾਂ ਸ਼ਹਿ ਜਾਂਦੀ ਹੈ।
ਛੁਪ ਛੁਪ ਕੇ ਇਹ ਰੋ ਲੈਂਦੀ ਹੈ,
ਰੋ ਰੋ ਫਾਵੀ ਹੋ ਲੈਂਦੀ ਹੈ।

ਝੋਲੀਆਂ, ਬੋਲੀਆਂ, ਚੁੱਪ ਰਾਤਾਂ ਨੂੰ,
ਉੱਪਰ ਵੱਲ ਨੂੰ ਹੱਥ ਉਠਾ ਕੇ,
ਅਕਸਰ ਮਾਂ ਦੁਆ ਕਰਦੀ ਹੈ,
ਕਦੇ ਤਾਂ ਇਹ 'ਭਲਾ' ਮੰਗਦੀ ਹੈ,
ਕਦੇ ਕਦੇ ਕਜ਼ਾ ਮੰਗਦੀ ਹੈ।

↑ ਤਤਕਰਾ ↑

ਕਦੇ ਕਦੇ ਮੇਰੇ ਦਿਲ ਦੇ ਅੰਦਰ,
ਮਾਂ ਲਈ ਬਹੁਤ ਤਰਸ ਆਉਂਦਾ ਹੈ,
ਮੈਂ ਵੀ ਰੱਬ ਨੂੰ ਪੁੱਛਦੀ ਹਾਂ ਕਿ,
ਕਿਉਂ ਏਨੇ ਦੁੱਖੜੇ ਲਾਉਂਦਾ ਹੈ?

ਮਾਂ ਦੇ ਵਾਂਗ ਹੀ, ਮੇਰੇ ਵਿਚ ਵੀ,
ਹਿੰਮਤ ਕਿੱਥੇ ਕੁਝ ਆਖਣ ਦੀ!
ਮੇਰੀਆਂ ਤੇ ਬਸ ਅੱਖਾਂ ਹੈ ਨੇ,
ਜ਼ੁਲਮ ਜੋ ਹੁੰਦਾ ਹੈ, ਤੱਕਣ ਲਈ,
ਮੇਰੇ ਤੇ ਬਸ ਕੰਨ ਹੀ ਹੈ ਨੇ,
ਅਕਸਰ ਮੰਦਾ ਹੀ ਸੁਣਨ ਲਈ।

ਕਿਸੇ ਸਕੂਲ 'ਚ ਜਾ ਕੇ ਬੱਚਾ,
ਦੱਸੋ ਭਲਾ! ਕਿ ਕੀ ਸਿੱਖੇਗਾ!
ਸਿੱਖੇਗਾ ਤਾਂ ਉਹੀ ਨਾ ਕਿ,
ਜੋ ਕੁਝ ਹੁੰਦਾ ਉਹ ਤੱਕੇਗਾ!!

↑ ਤਤਕਰਾ ↑

# ਗ਼ਰੀਬ ਔਰਤ

ਕਦੇ ਮਰਦ ਕਦੇ ਬੱਚਿਆਂ ਦੇ ਲਈ,
ਆਪਣੀ ਰੂਹ ਗਵਾ ਲੈਦੀ ਹੈ,
ਕਦੇ ਕਿਸੇ ਜਰਵਾਣੇ ਹੱਥੋਂ,
ਆਪਣੀ ਪੱਤ ਲੁਟਾ ਲੈਂਦੀ ਹੈ।

ਆਪਣੀ 'ਜੀਵਨ-ਲੋਚ' ਦੀ ਖ਼ਾਤਿਰ,
ਆਪਣੀ ਉਮਰ ਭੁਲਾ ਲੈਂਦੀ ਹੈ।
ਉਮਰੋਂ ਵੱਡੇ ਛੋਟੇ ਨੂੰ ਵੀ,
ਆਪਣੇ ਪੱਲੇ ਪਾ ਲੈਂਦੀ ਹੈ।

ਸਾਰਾ ਦਿਨ ਮਜ਼ਦੂਰੀ ਕਰਕੇ,
ਇਕ-ਦੋ-ਟਕਾ ਕਮਾ ਲੈਂਦੀ ਹੈ।
ਭੁੱਖ ਮਿਟਾਣ ਦੇ ਜੁਰਮ ਦੇ ਬਦਲੇ,
ਸਾਰੀ ਉਮਰ ਸਜ਼ਾ ਲੈਂਦੀ ਹੈ।

ਆਸ, ਕਿਸੇ ਦਿਸ-ਹੱਦੇ ਵਰਗੀ,
ਜਦ ਮਨ ਵਿਚ ਵਸਾ ਲੈਦੀ ਹੈ।
ਹੋਰ ਮਰਦ ਪੈਦਾ ਕਰਨ ਲਈ,
ਆਪਣੀ ਜ਼ਾਤ ਮਿਟਾ ਲੈਂਦੀ ਹੈ।

ਜਿਸਮਾਨੀ ਮੁਸ਼ੱਕਤ ਕਰਕੇ,
ਆਪਣਾ ਮਨ ਬੌਖਲਾ ਲੈਂਦੀ ਹੈ।
ਭਰ ਜਵਾਨੀ ਵਿਚ ਹੀ ਆਪਣੀ,
ਸਾਰੀ ਉਮਰ ਲੰਘਾ ਲੈਂਦੀ ਹੈ।

ਨੀਮ-ਹੋਸ਼ ਵਿਚ ਕੰਮ ਕਰਦੀ ਹੈ,
ਆਪਣਾ ਕਦ ਪਤਾ ਲੈਂਦੀ ਹੈ!
ਜ਼ਿੰਦਗੀ ਤੋਂ ਦੋਜ਼ਖ਼ ਤਕ ਜਾ ਕੇ,
ਨਿੱਤ ਇਕ ਜਨਮ ਨਵਾਂ ਲੈਂਦੀ ਹੈ।

↑ ਤਤਕਰਾ ↑

# ਬੇਗਾਨੀ ਮਿੱਟੀ

ਇਸ ਗੁਥਲੀ ਵਿਚ,
ਹੋਰ ਕਿਸੇ ਧਰਤੀ ਦੀ ਮਿੱਟੀ,
ਦਿਸਦੀ ਹੈ ਪਰ ਪਤਾ ਨਹੀਂ ਹੈ,
ਇਹ ਕਾਲੇ ਰੰਗ ਦੀ ਜਾਂ ਚਿੱਟੀ!

ਇਸ ਮਿੱਟੀ ਨੂੰ ਘੋਖੋ, ਪਰਖੋ,
ਕੀ ਇਹ ਗੁਲਸ਼ਨ ਦੇ ਸਕਦੀ ਹੈ?
ਸਾਡੀ ਮਿੱਟੀ ਰੋਵੇ ਹੱਸੇ,
ਕੀ ਇਹ, ਜੀਵਨ ਦੇ ਸਕਦੀ ਹੈ?

ਜੇ ਇਸਦਾ ਰੰਗ 'ਨਿਰਮਲ' ਹੈ ਤਾਂ,
ਖ਼ਬਰਦਾਰ!
ਹੱਥ ਲਾਉਣ ਤੋਂ ਪਹਿਲਾਂ,
ਆਪਣੇ ਹੱਥਾਂ ਦਾ ਖਰ੍ਹਵਾਪਨ,
ਝਾੜ ਪੂੰਝ ਕੇ, ਧੋ ਮਾਂਜ ਕੇ,
ਇਸਦੇ ਲਈ ਸੂਖ਼ਮ ਕਰ ਲੈਣਾ।
ਇਸ ਵਿਚ ਵਸਦੇ ਜੀਵਨ ਨੂੰ,
"ਜੀ ਆਇਆਂ" ਕਹਿਣਾ।
ਆਪਣਾ ਪੂਰਾ ਤਾਣ ਲਗਾ ਕੇ,
ਉਸ ਜੀਵਨ ਦੀ ਰੱਖਿਆ ਕਰਨਾ।

↑ ਤਤਕਰਾ ↑

ਜੇ ਇਸ ਦਾ ਰੰਗ ‘ਮਾਰੂ’ ਹੈ ਤਾਂ,
ਖ਼ਬਰਦਾਰ!
ਹੱਥ ਪਾਉਣ ਤੋਂ ਪਹਿਲਾਂ,
ਲੋੜੀਂਦੇ ਹਥਿਆਰ ਸਜਾਉਣਾ,
ਚਾਰ-ਦੀਵਾਰੀ ਐਸੀ ਕਰਨਾ,
ਕਿ ਇਹ ਕਿਧਰੇ ਖਿਸਕ ਨਾ ਜਾਵੇ,
ਤਾਂ ਜਾ ਕੇ ਇਸ ਨੂੰ ਹੱਥ ਪਾਉਣਾ।
ਜੇ ਇਹ ਬਰਬਾਦੀ ‘ਤੇ ਤੁੱਲੇ,
ਇਸ ਨੂੰ ਪਿੰਜਰੇ ਦੇ ਵਿਚ ਪਾ ਕੇ,
ਜਿੱਥੋਂ ਇਸ ਨੂੰ ਲੈ ਕੇ ਆਏ,
ਓਥੇ ਹੀ ਜਾ ਕੇ ਛੱਡ ਆਉਣਾ।

‘ਪ੍ਰੀਤਮ’! ਮਿੱਟੀਆਂ ਵਿਚ ਫ਼ਰਕ ਹੈ,
ਇਕ ਦੂਜੀ ਨੂੰ ਰਾਸ ਨਾ ਆਵਣ,
ਤਾਂ ਸੁਰਗ ਵੀ ਫੇਰ ਨਰਕ ਹੈ।

↑ ਤਤਕਰਾ ↑

ਚਾਰ ਖੰਭਾਂ ਵਾਲੀ

# ਪੀੜ ਦੀ ਪਰਵਾਜ਼

ਪੀੜ ਦਾ ਸੰਬੰਧ ਜਿਨ੍ਹਾਂ ਚੀਜ਼ਾਂ ਨਾਲ ਹੈ, ਉਨ੍ਹਾਂ ਵਿਚੋਂ ਰੂਹ, ਜਿਸਮ, ਪਿਆਰ ਅਤੇ ਅਭਿਮਾਨ ਵੀ ਹਨ।

- 'ਰੂਹ' ਨੂੰ ਪੀੜ ਮਹਿਸੂਸ ਹੁੰਦੀ ਹੈ।
- ਜਿਸਮ ਨੂੰ ਪੀੜ ਮਹਿਸੂਸ ਹੁੰਦੀ ਹੈ।
- ਦੁਖ ਰਹੀ ਥਾਂ ਨਾਲ, ਜੇ ਸਾਡਾ ਪਿਆਰ ਸੱਚਾ ਹੈ, ਤਾਂ ਹੀ ਪੀੜ ਮਹਿਸੂਸ ਹੁੰਦੀ ਹੈ।
- ਜੇ ਸਾਨੂੰ ਆਪਣੀ ਹੋਂਦ 'ਤੇ ਮਾਣ (ਅਭਿਮਾਨ) ਹੈ ਤਾਂ ਹੀ ਪੀੜ ਮਹਿਸੂਸ ਹੁੰਦੀ ਹੈ।(ਜੇ ਕੋਈ ਆਪਣੀ ਹੋਂਦ ਦਾ ਅਹਿਸਾਸ ਛੱਡ ਕੇ ਕਿਸੇ ਹੋਰ ਸ਼ੈਅ ਵਿਚ ਮਗਨ ਹੋ ਜਾਵੇ ਤਾਂ ਤੱਤੀ ਤਵੀ 'ਤੇ ਬੈਠ ਕੇ ਵੀ ਪੀੜ ਮਹਿਸੂਸ ਨਹੀਂ ਹੁੰਦੀ।)
- ਪੂਰੀ ਗਹਿਰਾਈ ਤਕ ਜਾਈਏ ਤਾਂ ਮਾਨਸਿਕ ਪੀੜ ਵੀ ਜਿਸਮਾਨੀ ਪੀੜ ਹੀ ਹੁੰਦੀ ਹੈ।

↑ ਤਤਕਰਾ ↑

ਗਰਭ-ਪੀੜ ਤੇ ਮਰਨ-ਪੀੜ ਦੇ
ਵਿਚ ਵਿਚਾਲੇ ਪੀੜਾਂ।
ਹੋਂਦ ਅਸਾਡੀ ਕੇਂਦਰ ‘ਤੇ ਹੈ,
ਆਲ-ਦੁਆਲੇ ਪੀੜਾਂ।
ਪੰਘੂੜੇ ਤੋਂ ਚਿਖ਼ਾ ਦੇ ਤਾਈਂ,
ਹਰ ਕੋਈ ਪਾਲੇ ਪੀੜਾਂ।
ਜਿਵੇਂ ਜਿਵੇਂ ਹੈ ਜੀਵਨ ਤੁਰਿਆ,
ਨਾਲੇ ਨਾਲੇ ਪੀੜਾਂ।

ਪੀੜ ਕਿਸੇ ਦੂਜੇ ਦੇ ਤਨ ਦੀ,
ਕਿਸੇ ਕਿਸੇ ਨੂੰ ਹੋਈ।
ਹੰਝੂ ਵਗੇ ਕਿਸੇ ਮਜਨੂੰ ਦੇ,
ਜਦ ਕੋਈ ਲੈਲਾ ਰੋਈ।
ਉਸ ਮਿੱਟੀ ਦਾ ਰੂਪ ਅਧੂਰਾ,
ਮੁੱਲ ਪਵੇ ਨਾ ਕੋਈ,
ਜਿਸ ਦੇ ਪੱਲੇ ਹੋਏ ਨਾ ਬੱਝੀ,
ਪੀੜਾਂ ਦੀ ਖ਼ੁਸ਼ਬੋਈ।

ਤਨ ਤੇ ਮਨ ਦੀ ਵੇਦਨ ਲੈ ਕੇ,
ਪੀੜ ਉੜੀ ਅਸਮਾਨੀ।
ਇਕ ‘ਪਰ’ ਇਸਦਾ, ਰੂਹ ਦਾ ਟੁਕੜਾ,
ਦੂਜਾ ‘ਪਰ’ ਜਿਸਮਾਨੀ।
ਤੀਜਾ ‘ਪਰ’ ਹੈ, ਪਿਆਰ ‘ਚ ਖੀਵਾ,
ਚੌਥਾ ‘ਪਰ’ ਅਭਿਮਾਨੀ।
ਚਾਰ ‘ਪਰਾਂ’ ਦੇ ਚਾਰ ਪਲਾਂ ਦੀ,
ਇਹ ਹੈ ਅਮਰ ਨਿਸ਼ਾਨੀ।

↑ ਤਤਕਰਾ ↑

# ਆਤਮ-ਘਾਤੀ ਹਿੰਸਕ?

ਕੱਲ੍ਹ ਉਹ ਕੱਚਿਆਂ ਵਿਚ ਸੀ ਫੜਿਆ ਗਿਆ,
ਦੁਸ਼ਮਣਾ ਦੇ ਵੱਲੋਂ ਨੰਬਰ[1] ਓਸਦਾ,
ਓਸ ਦੇ ਮੱਥੇ 'ਤੇ ਸੀ ਖੁਣਿਆਂ ਗਿਆ।

ਉਹ ਰਫ਼ਿਊਜੀ-ਕੈਂਪ ਵਿਚ ਸੀ ਜੰਮਿਆਂ,
ਸੁਰਤ ਆਈ ਤਾਂ ਇਹ ਸੀ ਦੱਸਿਆ ਗਿਆ।
ਓਸ ਦੀ ਦੁਨੀਆਂ ਤੇ ਖ਼ਾਬਾਂ ਦਾ ਜਹਾਨ,
ਧਰਮ ਦੇ ਹੀ ਨਾਮ 'ਤੇ ਲੁੱਟਿਆ ਗਿਆ।

ਅਣਖ ਹੀ ਬਾਕੀ ਤਾਂ ਉਸ ਦੇ ਕੋਲ ਸੀ,
ਹੋਰ ਸਾਰਾ ਕੁਝ ਹੀ ਸੀ ਜਾਂਦਾ ਰਿਹਾ।
ਐਸੀ ਹਾਲਤ ਵਿਚ, ਆਪਣੇ ਹਮ-ਉਮਰ,
ਰੋਜ਼ ਮਰਦੇ ਮਾਰਦੇ ਵੇਂਹਦਾ ਰਿਹਾ।

ਜ਼ਿੱਲਤ ਭਰੀ ਐਸੀ ਜਵਾਨੀ ਵਿਚ ਜਦ,
ਕਿਧਰਿਓਂ ਵੀ ਪਿਆਰ ਨਾ ਸੀ ਦਿਸ ਰਿਹਾ।
ਆਪਣੇ ਆਪੇ ਤੋਂ ਬਿਨਾ ਉਸ ਕੋਲ ਹੁਣ,
ਕੋਈ ਵੀ ਹਥਿਆਰ ਨਾ ਸੀ ਦਿਸ ਰਿਹਾ।

ਮੱਥੇ ਦਾ ਉਹ ਦਾਗ਼, ਪੱਕਿਆਂ ਕਰ ਗਿਆ,
ਆਪਣੇ ਦੁਆਲੇ ਬੰਬ ਲਪੇਟ ਕੇ,
ਅੱਜ ਉਹ ਆਪਣਾ ਸਿਰ ਤਲੀ 'ਤੇ ਧਰ ਗਿਆ।

ਲਾਸ਼ ਤਾਂ ਭਾਵੇਂ ਸੀ ਉਸਦੀ ਤੜਪਦੀ,
ਪਰ ਅਨੂਠਾ ਚੈਨ ਸੀ ਇਕ ਆ ਰਿਹਾ।
ਦੁਸ਼ਮਣਾ ਦੇ ਬਹੁਤ ਸਾਰੇ ਆਦਮੀ,
ਅੱਜ ਆਪਣੇ ਨਾਲ ਸੀ ਲੈ ਜਾ ਰਿਹਾ।

---

**1.** Mr. Tommy Lapid, an Israeli politician who survived the Nazi Holocaust expressed outrage over Israeli troops, writing identification numbers on the forehead and forearms of Palestinian detainees. (Associated Press)

↑ ਤਤਕਰਾ ↑

# ਸਾਂਝਾ ਆਕਾਸ਼?

ਇਨਸਾਫ਼-ਪਸੰਦ ਜੋ ਹੋਵੇਗਾ,
ਸਾਂਝਾ ਆਕਾਸ਼ ਹੀ ਚਾਹਵੇਗਾ,
ਉਹ ਦਿਲਾਂ ਦੇ ਵਿਚ ਵਿਤਕਰੇ ਦੀ,
ਕੋਈ ਲਕੀਰ ਨਾ ਵਾਹਵੇਗਾ।

ਪਰ ਜੋ ਵੰਡਿਆ ਨਹੀਂ ਜਾ ਸਕਦਾ,
ਉਹ ਧਰਤ ਨਹੀਂ, ਅਸਮਾਨ ਨਹੀਂ,
'ਦੂਈ' ਦੀ ਲੀਕ ਮਿਟਾ ਦੇਣਾ,
ਇਹ ਕੰਮ ਕੋਈ ਆਸਾਨ ਨਹੀਂ।

ਇਹ ਇੰਜ, ਜਿਵੇਂ ਕੋਈ ਕਹਿ ਦੇਵੇ,
ਹੁਣ ਕਦੇ ਨਾ ਨ੍ਹੇਰਾ ਹੋਵੇਗਾ,
ਇਹ ਇੰਜ, ਜਿਵੇਂ ਕੋਈ ਕਹਿ ਦੇਵੇ,
ਹੁਣ ਕਦੇ ਨਾ ਬੱਚਾ ਰੋਵੇਗਾ।

ਇਹ ਇੰਜ, ਜਿਵੇਂ ਕੋਈ ਕਹਿ ਦੇਵੇ,
ਚਿੜੀਆਂ ਤੇ ਬਾਜ਼ ਬਰਾਬਰ ਨੇ,
ਇਹ ਇੰਜ, ਜਿਵੇਂ ਕੋਈ ਕਹਿ ਦੇਵੇ,
ਉੱਛਲਣਾ ਛੱਡਿਆ ਸਾਗਰ ਨੇ।

ਇਹ ਇੰਜ, ਜਿਵੇਂ ਕੋਈ ਕਹਿ ਦੇਵੇ,
ਸੂਰਜ ਨੇ ਚੜ੍ਹਨਾ ਛੱਡ ਦਿੱਤਾ,
ਇਹ ਇੰਜ, ਜਿਵੇਂ ਕੋਈ ਕਹਿ ਦੇਵੇ,
ਅਸਾਂ ਮੌਤ ਦਾ ਫ਼ਸਤਾ ਵੱਢ ਦਿੱਤਾ।

ਜੀਵਨ ਦੀ ਫ਼ਿਤਰਤ ਹੀ ਐਸੀ,
ਇਹ 'ਆਪਣਾ ਹਿੱਸਾ' ਚਹੁੰਦੀ ਹੈ।
ਧਰਤੀ ਅਸਮਾਨ ਤਾਂ ਇਕ ਪਾਸੇ,
ਰੂਹਾਂ ਵਿਚ ਵੰਡਾਂ ਪਾਉਂਦੀ ਹੈ।

↑ ਤਤਕਰਾ ↑

ਕਈ ਵਾਰੀ, ਭੁੱਲੀ ਕੁਦਰਤ ਵੀ,
ਬੰਦਿਆਂ ਨੇ ਰਾਹੇ ਪਾਈ ਹੈ।
ਜਿਸ ਨੂੰ 'ਅਣਹੋਣੀ' ਕਹਿੰਦੇ ਨੇ,
ਉਹ ਵੀ ਤਾਂ ਹੁੰਦੀ ਆਈ ਹੈ।

ਇਕ ਰੋਜ਼, ਇਹ ਸ਼ਾਇਦ ਹੋ ਜਾਵੇ,
ਕਿ ਏਥੇ ਨ੍ਹੇਰਾ ਨਾ ਹੋਵੇ,
ਇਕ ਰੋਜ਼, ਇਹ ਸ਼ਾਇਦ ਹੋ ਜਾਵੇ,
ਕਿ ਏਥੇ ਬੱਚਾ ਨਾ ਰੋਵੇ।

ਇਕ ਰੋਜ਼, ਇਹ ਬਾਜ਼ ਅਤੇ ਚਿੜੀਆਂ,
ਸ਼ਾਇਦ ਬਰਾਬਰ ਹੋ ਜਾਵਣ,
ਸ਼ਾਇਦ, ਬੇਚੈਨ ਤੇ ਉੱਛਲਦੇ,
ਖ਼ਾਮੋਸ਼ ਸਮੁੰਦਰ ਹੋ ਜਾਵਣ।

ਇਕ ਰੋਜ਼ ਅਚਾਨਕ, ਚਮਕਦਾ
ਸੂਰਜ ਵੀ  ਓਹਲੇ ਹੋ ਜਾਵੇ,
ਇਕ ਰੋਜ਼ ਇਹ ਸ਼ਾਇਦ ਹੋ ਜਾਵੇ,
ਕਿ ਮੌਤ ਦਾ ਸੱਦਾ ਨਾ ਆਵੇ।

ਤਾਂ 'ਵੰਡ-ਕਰਨੇ' ਨ੍ਹੇਰੇ ਉੱਤੇ,
ਸ਼ਾਇਦ ਪ੍ਰਕਾਸ਼ ਵੀ ਹੋਵੇਗਾ,
ਆਓ! ਇਹ ਆਸ ਲਗਾ ਰੱਖੀਏ,
ਸਾਂਝਾ ਆਕਾਸ਼ ਵੀ ਹੋਵੇਗਾ।

↑ ਤਤਕਰਾ ↑

# ਦੋਸ਼ੀ ਔਕਾਤ

ਜਿਸ ਨੇ ਉਹ ਜਾਨੋਂ ਮਾਰਿਆ,
'ਪੱਥਰ' ਸੀ ਕਠਪੁਤਲੀ ਤਰ੍ਹਾਂ,
ਦੋਸ਼ ਦੇ ਉਸ ਹੱਥ ਨੂੰ,
ਜਿਸ ਨੇ ਉਹ ਪੱਥਰ ਸੁੱਟਿਆ।

ਬਾਕੀ ਅੰਗਾਂ ਵਾਂਗ ਹੀ,
'ਹੱਥ' ਮਨ ਦੇ ਕਹਿਣੇ ਵਿਚ ਸੀ,
ਦੋਸ਼ ਮਨ ਦਾ ਹੈ,
ਕੁਕਰਮ ਵਾਸਤੇ।

'ਮਨ' ਤਾਂ ਹਾਥੀ ਹੈ,
ਮਹਾਵਤ 'ਰੂਹ' ਹੈ,
ਇਹ ਓਥੇ ਹੀ ਜਾਏਗਾ,
ਜਿੱਥੇ ਰੂਹ ਲੈ ਕੇ ਜਾਏਗੀ।

ਸੰਸਕ੍ਰਿਤੀ ਵਿਚ,
ਕੁਝ ਕੁ ਰਸਤੇ ਹੈਨ ਨੇ,
ਜਿਨ੍ਹਾਂ ਦੇ ਉੱਤੇ ਚੱਲ ਕੇ
'ਰੂਹ' ਬਦਲੀ ਜਾ ਸਕੇ।

---

ਸਾਇੰਸਦਾਨ ਉਹ ਜੀਨਜ਼ (Genes) ਲੱਭਣ ਦੀ ਕੋਸ਼ਿਸ਼ ਵਿਚ ਹਨ ਜੋ ਇਨਸਾਨ ਨੂੰ 'ਘਾਤਕ' ਜਾਂ 'ਪਿਆਰ ਕਰਨ ਵਾਲਾ' ਬਣਾਉਂਦੀਆਂ ਹਨ। ਇਨ੍ਹਾਂ ਨੂੰ ਕੱਢਣ ਜਾਂ ਪਾਉਣ ਨਾਲ ਮਨੁੱਖੀ ਸੁਭਾਅ ਬਦਲੇ ਜਾ ਸਕਣਗੇ।

↑ ਤਤਕਰਾ ↑

# ਤ੍ਰਿਕਾਲ਼ਾਂ

ਹੁਣ ਤੇ ਥੱਕਿਆ ਸੂਰਜ ਵੀ ਘਰ ਨੂੰ ਮੁੜ ਚੱਲਿਆ,
ਦੂਰ ਦੇਸ਼ ਦਾ ਪੰਛੀ ਵੀ ਵਾਪਿਸ ਉੜ ਚੱਲਿਆ।

ਬਿਨ ਮੰਜ਼ਿਲ ਦੇ ਤੁਰ ਤੁਰ ਕੇ ਇਹ ਜਿੰਦੜੀ ਰੋਲੀ,
ਆਪਣੀ ਚਾਲੇ ਤੁਰਦੀ ਰਹੀ ਹੈ ਧਰਤ ਅਤੋਲੀ।

ਤੇਰੇ ਮੇਰੇ ਵਿਚ ਵਿਚਾਲੇ ਸਦੀਆਂ ਰਹੀਆਂ,
ਬਿਰਹੋਂ-ਕੁੱਠੇ ਕੰਢਿਆਂ ਦੇ ਵਿਚ ਨਦੀਆਂ ਰਹੀਆਂ।

ਨਾ ਹੀ ਤੇਰੇ ਅੰਗਾਂ ਮੇਰੇ ਅੰਗ ਸੁਲਗਾਏ,
ਨਾ ਹੀ ਸਾਡੀ ਲੋਅ ਨੇ ਕੋਈ ਦੀਪ ਜਗਾਏ।

ਨਾ ਹੁਸਨਾਂ ਦਾ ਨੂਰ, ਨਾ ਇਸ਼ਕਾਂ ਦਾ ਨਿੱਘ ਕੋਈ,
ਹਰ ਇਕ ਲੋਚ ਅਡੋਲ ਰਹੀ ਤੇ ਪੱਥਰ ਹੋਈ।

ਭਰੀਆਂ ਅੱਖੀਆਂ ਦੇ ਵਿਚ ਭਰ ਗਈ ਆਣ ਉਦਾਸੀ,
ਨੀਰ ਬਣਾਇਆ, ਨਜ਼ਰ ਮੇਰੀ ਪਰ ਰਹੀ ਪਿਆਸੀ।

ਜਜ਼ਬਿਆਂ ਦੀ ਇਕ ਲਾਟ ਅਣੋਖੀ ਅੱਗ ਲਗਾ ਗਈ,
ਚਿੰਤਾ, ਮੇਰੀ ਚਿੰਤਨ ਤਾਈਂ ਰਾਖ਼ ਬਣਾ ਗਈ।

ਤ੍ਰਿਸ਼ਨਾ ਦੇ ਤੀਬਰ ਝੱਖੜਾਂ ਨੇ ਸ਼ੋਰ ਮਚਾਇਆ
ਅਤ੍ਰਿਪਤੀ ਦੀ ਮੰਜ਼ਿਲ ਉੱਤੇ ਆਣ ਪੁਚਾਇਆ।

ਪੱਤੇ ਕਿਰ ਕਿਰ ਧਰਤੀ ਦੀ ਗੋਦੀ ਭਰ ਚੱਲੀ,
ਜਿੱਥੋਂ ਚੱਲੀ, ਓਥੇ ਹੀ ਹੈ ਜਿੰਦ ਇਕੱਲੀ।

ਦਿਲ ਹੀ ਦਿਲ ਨੂੰ ਬੀਤੇ ਦੀ ਗੱਲ ਆਖ ਸੁਣਾਵੇ,
ਲੰਮੇ ਹੁੰਦੇ ਜਾਂਦੇ ਨੇ ਢਲਦੇ ਪ੍ਰਛਾਵੇਂ।

↑ ਤਤਕਰਾ ↑

'ਸ਼ਾਂਤ-ਮਹਾਂਸਾਗਰ' ਦੇ ਤਟ 'ਤੇ ਆਣ ਖਲੋਇਆਂ,
ਖ਼ੁਸ਼ੀਆਂ, ਗ਼ਮੀਆਂ ਦੇ ਜਮਘਟ 'ਤੇ ਆਣ ਖਲੋਇਆਂ।

ਕੀ ਦੱਸਾਂ! ਕਿ ਤਾਕਤਵਰ ਕਮਜ਼ੋਰ ਬੜਾ ਹੈ,
ਖ਼ਾਮੋਸ਼ੀ ਵਿਚ, ਆਪਣੇ ਆਪ ਦਾ ਸ਼ੋਰ ਬੜਾ ਹੈ।

ਆ ਰਹੇ, ਘੁੱਪ-ਹਨੇਰਿਆਂ ਦਾ ਰਾਹ ਚੇਤੇ ਆਵੇ,
ਬਿਜਲੀ ਪੈ ਕੇ ਜਿਵੇਂ ਰੌਸ਼ਨੀ ਵੀ ਸੜ ਜਾਵੇ।

ਪਰ ਕੋਈ 'ਅੰਦਰਲਾ' ਹਾਲੇ ਨਾ ਢੇਰੀ ਢਾਹਵੇ,
ਇਹ ਇਕ ਸ਼ਾਮ-ਸੁਨਹਿਰੀ ਵੱਲ ਨੂੰ ਤੁਰਨਾ ਚਾਹਵੇ।

ਬਿਨ ਤੁਰਿਆਂ ਹੀ ਘਸੀਆਂ ਨੇ ਪੈਰਾਂ ਦੀਆਂ ਤਲੀਆਂ,
ਹੁਣ ਤੇ ਦੇਖ! ਅਸਾਡੀਆਂ ਸਿਖ਼ਰ ਦੁਪਹਿਰਾਂ ਢਲੀਆਂ।

ਦੂਰ ਦੇਸ਼ ਦਾ ਪੰਛੀ ਵੀ ਵਾਪਿਸ ਉੜ ਚੱਲਿਆ,
ਹੁਣ ਤੇ ਥੱਕਿਆ ਸੂਰਜ ਵੀ, ਘਰ ਨੂੰ ਮੁੜ ਚੱਲਿਆ।

↑ ਤਤਕਰਾ ↑



↑ ਤਤਕਰਾ ↑

ਮੁਸ਼ਕਿਲ ਬੜਾ ਹੈ ਲਾਉਣਾ  ਅਨੁਮਾਨ ਜ਼ਿੰਦਗੀ ਦਾ,
ਪਲ ਵਿਚ  ਹਾਲਾਤ  ਬਦਲੇ,  ਤੂਫ਼ਾਨ ਜ਼ਿੰਦਗੀ ਦਾ।

ਕੁਝ  ਵਾਕਿਆਤ  ਐਸੇ  ਜੋ  ਹਾਦਸੇ  ਨਾ  ਲੱਗਦੇ,
ਫਿਰ ਭੀ  ਬੜਾ ਨੇ ਕਰਦੇ  ਨੁਕਸਾਨ  ਜ਼ਿੰਦਗੀ ਦਾ।

ਧਰਤੀ ਦੀ,  ਕੁੱਖ ਇਕ ਦਿਨ  ਬੇਸ਼ੱਕ  ਫ਼ਨਾਹ ਹੋਵੇ,
ਪਰ  ਇਸ ਦੇ ਸਿਰ ਰਹੇਗਾ ਅਹਿਸਾਨ ਜ਼ਿੰਦਗੀ ਦਾ।

ਜੇਕਰ  ਕੋਈ  ਸਿਤਾਰਾ,  ਆ ਕੇ  ਖ਼ੈਰਾਤ  ਮੰਗੇ,
ਝੋਲੀ ‘ਚ  ਉਸਦੀ ਪਾਉਣਾ  ਵਰਦਾਨ ਜ਼ਿੰਦਗੀ ਦਾ।

ਫ਼ੈਲਾਅ  ਲਏ  ਅਡੰਬਰ  ਭਾਵੇਂ  ਪੁਲਾੜ  ਤਾਈਂ,
ਪਰ  ਕੁਝ ਵੀ ਤਾਂ  ਨਹੀਂ ਹੈ,  ਸਾਮਾਨ ਜ਼ਿੰਦਗੀ ਦਾ।

ਅੱਗਾਂ  ਤੇ  ਪਾਣੀਆਂ  ਦੇ  ਹੁੰਦੇ  ਸੁਮੇਲ  ਵਿਚੋਂ,
ਉੱਠਦੇ  ਧੂੰਏਂ  ਨੂੰ  ਦਿੱਤਾ  ਅਨਵਾਨ  ਜ਼ਿੰਦਗੀ ਦਾ।

ਤਨ-ਮਨ  ਅਰੋਗ  ਹੋਵੇ  ਤੇ  ਕਦੇ  ਨਾ ਮੌਤ ਆਵੇ,
ਇਹ  ਰਿਹਾ ਹੈ  ਤੇ ਰਹੇਗਾ, ਅਰਮਾਨ ਜ਼ਿੰਦਗੀ ਦਾ।

ਕਿ  ਜ਼ਿੰਦਗੀ ਹੀ  ਆਪਣੇ  ਸਾਹਾਂ ਦੀ  ਭੀਖ  ਮੰਗੇ,
ਏਨਾ ਵੀ ਤੇ  ਨਾ ਕਰਨਾ,  ਅਪਮਾਨ  ਜ਼ਿੰਦਗੀ ਦਾ।

ਹਰ ਜ਼ਿੰਦਗੀ ਨੂੰ  ਕਹਿ ਦੇ,  ਉਹ  ਜ਼ਿੰਦਗੀ ਸੁਵਾਰੇ,
‘ਪ੍ਰੀਤਮ’! ਸਦਾ ਹੀ ਕਰਨਾ  ਸਨਮਾਨ ਜ਼ਿੰਦਗੀ ਦਾ।

↑ ਤਤਕਰਾ ↑

ਜਿਸ ਸੱਭਿਤਾ ਨੂੰ ਫੁਰਨਾ ਫੁਰਿਆ, ਸਭ ਸੰਸਾਰ ਸਮੇਟਣ ਦਾ,
ਉਹ ਅਫ਼ਰੇਵਾਂ ਕਾਰਨ ਬਣਿਆਂ, ਉਸ ਸੱਭਿਤਾ ਨੂੰ ਮੇਟਣ ਦਾ।

ਅੱਜ ਦੀ ਜੰਗ ਵਿਚ ਨਿਹੱਕੇ ਵੀ ਸਾੜੇ ਭੁੰਨੇ ਜਾਣੇ ਨੇ,
'ਆਟਾ' ਤਾਂ ਗੁੱਝਿਆ ਪੱਕਣ ਨੂੰ, ਪਰ ਅਫ਼ਸੋਸ 'ਪ੍ਰੇਥਣ' ਦਾ।

ਦੋਵੇਂ ਪਾਸੇ ਧਰਮ-ਦੁਆਰਿਓਂ ਨਿੱਕਲ ਕੇ ਲਲਕਾਰ ਰਹੇ,
ਕੀ ਫ਼ਾਇਦਾ ਹੋਇਆ ਇਹਨਾਂ ਦੇ ਝੁਕ ਝੁਕ ਮੱਥੇ ਟੇਕਣ ਦਾ!

ਉਹ ਤਸਵੀਰ ਜੋ ਅੱਜ ਬਣਾਈ, ਕਦੇ ਤਾਂ ਮੂੰਹੋਂ ਬੋਲੇਗੀ!
ਖ਼ਬਰੇ ਕੀ ਮੰਗ ਲਏਗੀ ਸਾਥੋਂ! ਇਸ ਨੂੰ ਜੀਵਨ ਦੇਵਣ ਦਾ।

ਅੱਜ ਇਸ ਦੀ ਵਾਰੀ ਹੈ ਜੇ ਤਾਂ ਕੱਲ੍ਹ ਨੂੰ ਕਿਸ ਦੀ ਹੋਵੇਗੀ?
ਤੇਲ ਤੇ ਉਸ ਦੀ ਧਾਰ ਨੂੰ ਹੁਣ ਆਇਆ ਹੈ ਵੇਲਾ ਵੇਖਣ ਦਾ।

ਆਮ-ਸਧਾਰਨ ਬੰਦਾ ਪ੍ਰੀਤਮ! ਗਲ ਪਿਆ ਢੋਲ ਵਜਾਉਂਦਾ ਹੈ,
ਕਿਸ ਨੂੰ ਸ਼ੌਕ ਹੈ! ਐਵੇਂ ਜਾ ਕੇ ਕਬਰਾਂ ਅੰਦਰ ਲੇਟਣ ਦਾ।

↑ ਤਤਕਰਾ ↑

ਸਾਡੀ ਕਹਾਣੀ ਪਿਆਰ ਦੀ ਹੋਵੇ ਜਾਂ ਜੰਗ ਦੀ,
ਪੰਜ ਪਾਣੀਆਂ ਦੀ ਹੋ ਕੇ ਵੀ, ਲਹੂ ਦੇ ਰੰਗ ਦੀ।

ਖ਼ੁਸ਼ਹਾਲ ਸੀ ਤੇ ਹੈ ਵੀ ਸੀ ਦੱਰੇ ਦੇ ਸਾਹਮਣੇ,
ਫਿਰ ਕਿਉਂ ਨਾ ਭੀੜ ਲਾਲਚੀ ਏਥੋਂ ਦੀ ਲੰਘਦੀ।

ਜਾਓ! ਪਤਾ ਲਗਾਓ!! ਕਿਹੜੀ ਬਲਾ ਹੈ ਉਹ,
ਜੋ ਭਾਈਆਂ ਤੋਂ ਭਾਈਆਂ ਦਾ ਖ਼ੂਨ ਮੰਗਦੀ।

ਹਾਲਾਤ ਦਾ ਤੂਫ਼ਾਨ ਜਾਂ ਸਦਮੇਂ ਦਾ ਸ਼ੋਰ ਸੀ,
ਖ਼ਾਮੋਸ਼ ਹੋ ਗਈ ਹੈ ਜ਼ੁਬਾਂ, ਕੰਬਦੀ ਕੰਬਦੀ।

ਨ੍ਹੇਰਿਆਂ 'ਚ ਆ ਕੇ, ਨਾ ਰਸਤੇ ਗਵਾਚਦੇ,
ਬੇ-ਬਸੀ 'ਚ ਮੌਤ ਨਾ ਹੁੰਦੀ ਉਮੰਗ ਦੀ।

ਇਕ ਰਸਮ ਇਕ ਗੁਨਾਹ ਨੂੰ ਪਾਕ ਕਰ ਗਈ,
ਬੇ-ਪਰਦ ਹੋ ਗਈ ਹੈ ਹਯਾ, ਸੰਗਦੀ ਸੰਗਦੀ।

ਉਸ ਨੇ ਬੁਰਾਈ ਦੇਖ ਕੇ, ਮਜ਼ਹਬ ਵੀ ਭੰਡਿਆ,
ਕੀ ਗੱਲ ਕਰ ਰਹੇ ਓ! 'ਪ੍ਰੀਤਮ' ਨਿਸ਼ੰਗ ਦੀ।

↑ ਤਤਕਰਾ ↑

ਕੁਝ ਕੁ ਲੋਕੀ ਇਸ ਤਰ੍ਹਾਂ ਬੀਮਾਰ ਨੇ,
ਜੀਣ ਵਿਚ ਵੀ ਮੌਤ ਦੇ ਆਸਾਰ ਨੇ।

ਹੋਰ ਤਾਂ ਲੇਖਾ ਚੁਕਾਇਆ ਜਿੰਦ ਨੇ,
ਕੁਝ ਕੁ ਔਖੇ-ਸਾਹ ਲਹਿਣੇਦਾਰ ਨੇ।

ਦੇਰ ਤੋਂ ਹੀ ਨਾ ਕਿਸੇ ਵੰਗਾਰਿਆ,
ਦੇਰ ਤੋਂ ਹੀ ਹੌਸਲੇ ਬੇਕਾਰ ਨੇ।

ਵਲਗਣਾ ਦੇ ਪਿੱਛੇ ਦੇਖਣ ਦੇ ਲਈ,
ਬੇ-ਸਬਰ ਅਰਮਾਨ ਪੱਬਾਂ-ਭਾਰ ਨੇ।

ਚਹੁੰਦੇ ਹੋਏ ਵੀ ਨਾ ਗੱਲ ਅੱਗੇ ਤੁਰੀ,
ਖਾੜਕੂ ਜੋ ਇਸ ਦੇ ਪਹਿਰੇਦਾਰ ਨੇ!

ਸ਼ੀਸ਼ਿਆਂ 'ਚੋਂ ਸੱਚ ਕੱਢਣ ਵਾਸਤੇ,
ਏਸ ਥਾਂ ਕਾਨੂੰਨ ਵੀ ਸੰਗ-ਦਾਰ ਨੇ।

ਗੋਤੇ ਖਾਂਦਾ ਪੁੱਜਿਆ 'ਪ੍ਰੀਤਮ' ਜਦੋਂ,
ਕਹਿਣ ਲੱਗੇ 'ਉਹ' ਤੇ ਦੂਜੇ ਪਾਰ ਨੇ।

↑ ਤਤਕਰਾ ↑

ਆਪਣੇ ਆਪ ਨੂੰ ਵੀ ਸੁਣ ਤੇ ਆਪਣੇ ਆਪ ਨੂੰ ਵੀ ਕਹਿ,
ਇਹ ਵੀ ਤਾਂ ਤੇਰੀ ਦੁਨੀਆਂ ਹੈ, ਕਦੇ ਤੂੰ ਏਸ ਵਿਚ ਵੀ ਰਹਿ।

ਤੇਰੇ 'ਮਨ ਦੀ ਤਸੱਲੀ' ਇੰਜ ਮਲਬੇ ਹੇਠ ਆਈ ਹੈ,
ਤੇਰੀ 'ਲੱਭਣ ਦੀ ਕੋਸ਼ਿਸ਼' ਨੇ, ਲਗਾਈ ਤਹਿ ਦੇ ਉੱਤੇ ਤਹਿ।

ਹੌਲੀ ਹੌਲੀ ਕਰਕੇ, 'ਸਹਿਜ' ਦੇ ਮੈਦਾਨ ਵਿਚ ਤੇ ਆ,
ਪਹਾੜੀ ਨਾਲੇ ਵਾਂਗੂੰ, ਦੁਨੀਆਂਦਾਰੀ ਵਿਚ ਤਾਂ ਨਾ ਵਹਿ।

ਆਪਣੇ ਆਪ ਨੂੰ ਵੀ ਕੋਸ, ਆਪਣੇ ਆਪ 'ਤੇ ਵੀ ਹੱਸ,
ਤੂੰ ਲੋਕਾਂ ਨਾਲ ਖਹਿੰਦਾ ਹੈ, ਕਦੇ ਖ਼ੁਦ ਨਾਲ ਵੀ ਤਾਂ ਖਹਿ।

'ਕਲਪ-ਰੁੱਖ' ਕਲਪਨਾ ਤੇਰੀ ਦਾ ਦੂਜਾ ਨਾਮ ਹੈ ਪ੍ਰੀਤਮ!
ਮੂੰਹ ਮੰਗੀਆਂ ਮੁਰਾਦਾਂ ਲੈਣੀਆਂ, ਤਾਂ ਇਸ ਦੀ ਛਾਂਵੇਂ ਬਹਿ।

↑ ਤਤਕਰਾ ↑

ਉਹ ਸਦਾ ਦੁਨੀਆਂ ਦੀਆਂ ਖ਼ੁਸ਼ੀਆਂ ਦੀ ਗੱਲ ਕਰਦਾ ਰਿਹਾ,
ਦੁਨੀਆਂ ਦੇ ਬੰਦਿਆਂ ਦੀਆਂ ਕਮੀਆਂ ਦੀ ਗੱਲ ਕਰਦਾ ਰਿਹਾ।

ਕੋਝ ਤਾਂ ਕੀ! ਓਸ ਨੇ ਤਾਂ, ਸੁਹਜ ਵੀ ਸ਼ਿੰਗਾਰਿਆ,
ਅਬਲਾਵਾਂ ਤੋਂ ਲੈ ਕੇ ਉਹ ਪਰੀਆਂ ਦੀ ਗੱਲ ਕਰਦਾ ਰਿਹਾ।

ਉਹ, ਜਿਨ੍ਹਾਂ ਦੇ ਕਾਗ਼ਜ਼ਾਂ ਦੇ ਫੁੱਲ ਵੀ ਨੇ ਮਹਿਕਦੇ,
ਲੋਕਤਾ ਲਈ ਲਿਖ ਰਹੇ, ਕਵੀਆਂ ਦੀ ਗੱਲ ਕਰਦਾ ਰਿਹਾ।

ਇੱਕਨਾਂ ਨੂੰ ਤੇ ਚੰਦ 'ਤੇ ਜਾਕੇ ਵੱਸਣ ਦਾ ਸ਼ੌਕ ਸੀ,
ਉਹ ਤੇ ਕੁੱਲੀਆਂ, ਗੁੱਲੀਆਂ, ਜੁੱਲੀਆਂ ਦੀ ਗੱਲ ਕਰਦਾ ਰਿਹਾ।

ਧਰਮ-ਗ੍ਰੰਥਾਂ ਦੇ ਨਿਰੇ ਉਪਦੇਸ਼ਕਾਂ ਦੇ ਕੋਲ ਬਹਿ,
ਇਲਮ ਤੇ ਅਮਲ ਦੀਆਂ ਕੜੀਆਂ ਦੀ ਗੱਲ ਕਰਦਾ ਰਿਹਾ।

ਹਰੀਆਂ-ਭਰੀਆਂ ਫ਼ਸਲਾਂ ਦਾ, ਅਹਿਸਾਸ ਵੀ ਹੈ ਸੀ ਮਗਰ,
ਮਾਰੂਥਲ ਵਿਚ ਝੁਲਸੀਆਂ ਕਣੀਆਂ ਦੀ ਗੱਲ ਕਰਦਾ ਰਿਹਾ।

ਬੁੱਸੇ ਹੋਏ ਵਿਹੜਿਆਂ ਵਿਚ ਦੇਖ ਕੇ ਸੁਗੰਧੀਆਂ,
ਕੀ ਉਨ੍ਹਾਂ 'ਤੇ ਬੀਤਦੀ! ਕਲੀਆਂ ਦੀ ਗੱਲ ਕਰਦਾ ਰਿਹਾ।

ਫੇਰ ਉੱਠ ਕੇ ਆਪਣੇ ਮੱਥਿਓਂ ਪਸੀਨਾ ਪੂੰਝਦਾ,
ਜੋ ਅਜੇ ਨਾ ਲੱਗੀਆਂ, ਝੜੀਆਂ ਦੀ ਗੱਲ ਕਰਦਾ ਰਿਹਾ।

ਆਪਣੇ ਗਿਰਦੇ ਬਣਾਈਆਂ, ਆਪ ਹੀ ਪਾਬੰਦੀਆਂ,
ਆਪ ਹੀ ਉਹ ਮਸਤਕਾਂ, ਤਲੀਆਂ ਦੀ ਗੱਲ ਕਰਦਾ ਰਿਹਾ।

ਇਸ ਲਈ ਕਿ ਕਿਸ ਤਰੀਕੇ ਨਾਲ ਮੁਕਤੀ ਮਿਲ ਸਕੇ,
ਚਾਰੇ ਪਾਸੇ ਵਲਗਣਾ ਵਲ਼ੀਆਂ ਦੀ ਗੱਲ ਕਰਦਾ ਰਿਹਾ।

ਜਿੱਤ ਹੋਵੇ ਸੱਚ ਦੀ, ਪ੍ਰੀਤਮ! ਜ਼ਰੂਰੀ ਤਾਂ ਨਹੀਂ,
'ਜਿੱਤ ਕੇ ਵੀ ਬਾਜ਼ੀਆਂ ਹਰੀਆਂ' ਦੀ ਗੱਲ ਕਰਦਾ ਰਿਹਾ।

↑ ਤਤਕਰਾ ↑

ਮੈਂ ਮਿੱਟੀ, ਮੇਰਾ ਤਾਂ ਦਿਲ ਹੈ! ਤੂੰ ਅੰਬਰ ਨਿਰਮੋਹੀ ਵੇ,
ਦੇ ਕੇ ਮੈਨੂੰ ਪਿਆਰ ਦਾ ਸਦਮਾ, ਤੂੰ ਮੇਰੀ ਜਿੰਦ ਕੋਹੀ ਵੇ।

ਸਦੀਆਂ ਦੀ ਕੰਧ ਵਿਚ ਪਤਾ ਨਹੀਂ ਕਿੰਨੀਆਂ ਇੱਟਾਂ ਪਲਾਂ ਦੀਆਂ,
ਸਮਿਆਂ ਦੇ ਇਸ ਮਹਿਲ ਨੇ ਸਾਥੋਂ ਸਾਡੀ 'ਹੋਣੀ' ਖੋਹੀ ਵੇ।

ਕਿਸ ਦੇ ਨਾਲ? ਕਦੋਂ? ਕੀ ਹੋਣਾ? ਇਸ ਦੇ ਬਾਰੇ ਕੀ ਸੋਚਾਂ?
ਚਿੰਤਨ ਦੇ ਵਿਚ ਕੁਝ ਨਾ ਮਿਲਿਆ ਨਬਜ਼ ਜਾਂ ਇਸ ਦੀ ਟੋਹੀ ਵੇ।

ਜਦ ਜੀਅ ਚਾਹਵੇ, ਮੌਸਮ, ਆਪਣਾ ਰੂਪ ਬਦਲ ਕੇ ਆ ਜਾਵੇ,
ਕਿਸੇ ਤਬਾਹੀ ਦੀ ਵੀ ਇਸ ਨੂੰ, ਕੋਈ ਗੱਲ ਨਾ ਪੋਹੀ ਵੇ।

ਤੂੰ ਵੀ ਭੈੜੇ ਮੌਸਮ ਵਾਂਗੂੰ, ਕਿਹੜੀ ਘੱਟ ਗੁਜ਼ਾਰੀ ਵੇ!
ਇਕ ਜ਼ਰਖ਼ੇਜ਼ ਨੂੰ ਕਰ ਛੱਡਿਆ ਈ, ਬੰਜਰ, ਰੱਕੜ, ਰੋਹੀ ਵੇ।

'ਸੀਤਾ' ਦੀ ਇੱਛਾ ਵੀ ਏਥੇ, 'ਰਾਵਣ' ਦੀ ਇੱਛਾ ਵੀ ਹੈ,
ਹਰ ਯੁਗ ਦੇ ਬੰਦਿਆਂ ਨੇ, ਪ੍ਰੀਤਮ! ਰਾਮ-ਕਹਾਣੀ ਛੋਹੀ ਵੇ।

↑ ਤਤਕਰਾ ↑

ਕਿਸੇ ਬਿੜਕ ਦਾ, ਥੁਹੜਾ ਤਾਂ ਸਾਰ ਦੇ ਮੈਨੂੰ!
ਮੈਂ ਬੇ-ਕਰਾਰ ਹਾਂ, ਕੁਝ ਤੇ ਕਰਾਰ ਦੇ ਮੈਨੂੰ।

ਸੁਣਾ ਕੇ ਫ਼ੈਸਲਾ, ਤੂੰ ਨਾ ਨਾ-ਉਮੀਦ ਕਰੀਂ,
ਹੈ ਇਸ ਤੋਂ ਬਿਹਤਰ ਕਿ ਇੰਤਜ਼ਾਰ ਦੇ ਮੈਨੂੰ।

ਜੇ ਜਾਨ ਮੰਗਾਂ ਤਾਂ ਕੋਈ ਜਾਨ ਵੀ ਦੇਵੇ,
ਕਿਸੇ ਈਮਾਨ ਦੇ ਵਰਗਾ ਵਕਾਰ ਦੇ ਮੈਨੂੰ।

ਜਿੱਥੋਂ ਚੱਲਿਆ ਲਗਦੈ ਕਿ ਹਾਲੇ ਓਥੇ ਹਾਂ,
ਮੈਂ ਵਗਦੇ ਖੂਹ ਦਾ ਪਾਣੀ, ਨਿਸਾਰ ਦੇ ਮੈਨੂੰ।

ਜਾਣਦਾ ਹਾਂ ਕਿ ਥੋੜ੍ਹ-ਚਿਰੀ ਹੈ ਫਿਰ ਵੀ,
ਫ਼ਿਜ਼ਾ 'ਚ ਖ਼ੁਸ਼ਬੂ ਦੇ ਵਾਂਗੂੰ, ਖਿਲਾਰ ਦੇ ਮੈਨੂੰ।

ਅਜੇ ਤਾਈਂ ਤਾਂ ਤਲਖ਼ੀ ਦੇ ਵਿਚ ਹੀ ਬੀਤੀ,
ਓ ਮੇਰੇ ਪ੍ਰੀਤਮ! ਹੁਣ ਤੇ ਪਿਆਰ ਦੇ ਮੈਨੂੰ।

↑ ਤਤਕਰਾ ↑

ਤੂੰ ਆਪਣੇ ਵਰਗਾ, ਰੌਸ਼ਨ ਖ਼ਿਆਲ  ਦੇ ਮੈਨੂੰ,
ਮੈਂ ਤੇਰਾ ਅਕਸ ਹਾਂ ਆਪਣਾ ਜਲਾਲ ਦੇ ਮੈਨੂੰ।

ਮੈਂ  ਖ਼ਤਮ ਹੁੰਦੇ ਜੀਵਨ ਦਾ ਭੇਦ ਜਾਣ ਲਿਆ,
ਕਜ਼ਾ ਦੇ ਖ਼ੌਫ਼ 'ਚੋਂ, ਹੁਣ ਤੇ ਨਿਕਾਲ ਦੇ ਮੈਨੂੰ!

ਹਰੇਕ  ਗੱਲ ਵਿਚ, ਕੁਝ ਨਾ ਕੁਝ ਸਚਾਈ ਹੈ,
ਨਜ਼ਰੀਆ ਗ਼ੈਰ ਦਾ ਕੀ ਹੈ? ਵਿਖਾਲ ਦੇ ਮੈਨੂੰ।

ਤੇਜ਼-ਰਫ਼ਤਾਰੀ ਰੌਸ਼ਨੀ ਦੀ, ਹੈ ਕਮਾਲ ਬੜੀ!
ਕਿਵੇਂ ਇਹ ਛੇਕ ਨਾ ਪਾਵੇ! ਸਿਖਾਲ ਦੇ ਮੈਨੂੰ।

ਅਸਫ਼ਲਤਾ ਹੈ, ਤਾਂ ਸਫ਼ਲਤਾ ਵੀ ਹੈ ਪ੍ਰੀਤਮ!
ਇੰਜ ਕਹਿ ਕੇ ਨਾ ਹਰ ਵਾਰੀ, ਟਾਲ ਦੇ ਮੈਨੂੰ।

↑ ਤਤਕਰਾ ↑

ਉੱਗਦੇ ਬੂਟੇ ਦੀ, ਜੇ ਕਰਨੀ ਹੈ ਤਾਂ, ਇੱਛਾ ਕਰਨਾ,
ਫੁੱਲ ਮਰ ਜਾਣ ਤਾਂ, ਖ਼ੁਸ਼ਬੋ ਦਾ ਨਾ ਪਿੱਛਾ ਕਰਨਾ।

ਕਿਤੇ ਜਜ਼ਬਾਤ ਦਾ ਸੈਲਾਬ ਨਾ ਬਰਬਾਦ ਕਰੇ,
ਦਿਲ ਦੇ ਦਰਿਆ ਨੂੰ ਉਸ ਵਾਸਤੇ, ਗਹਿਰਾ ਕਰਨਾ।

ਏਸ ਦੁਨੀਆਂ ਨੇ ਪਿੰਜਰੇ ਵੀ ਬਣਾ ਰੱਖੇ ਨੇ,
ਮਾਣ ਉੱਡ ਜਾਣ ਦਾ, ਖੰਭਾਂ 'ਤੇ ਨਾ ਬਹੁਤਾ ਕਰਨਾ।

ਉਹ, ਜਿਹੜੇ ਰੋਕਦੇ ਰਸਤਾ, ਤੇਰੀ ਰਵਾਨੀ ਦਾ,
ਇਹ ਹੀ ਬਿਹਤਰ ਹੈ ਉਹਨਾਂ ਤੋਂ ਕਿਨਾਰਾ ਕਰਨਾ।

ਜੋ ਲੈ ਗਈ ਹੈ ਖ਼ੁਸ਼ਬੋ, ਲਿਆਏਗੀ ਮੁੜ ਕੇ,
ਇਸ ਬਹਾਰ 'ਤੇ ਪ੍ਰੀਤਮ! ਇਹ ਭਰੋਸਾ ਕਰਨਾ।

↑ ਤਤਕਰਾ ↑

ਪੱਥਰਾਂ ਨੂੰ, ਬੂਟਿਆਂ ਨੂੰ, ਪਸ਼ੂਆਂ, ਪਰਿੰਦਿਆਂ ਨੂੰ
ਖ਼ਤਰਾ ਹੈ ਆਦਮੀ ਤੋਂ, ਪਹਿਲੇ ਬਾਸ਼ਿੰਦਿਆਂ ਨੂੰ।

ਬੰਦਾ ਹੀ ਬੰਦਿਆਂ ਨੂੰ ਇਕ ਦਿਨ ਫ਼ਨਾਹ ਕਰੇਗਾ,
ਕਾਬੂ 'ਚ ਕਰ ਲਿਆ ਹੈ ਇਸ ਨੇ ਦਰਿੰਦਿਆਂ ਨੂੰ।

ਜੀਵਨ-ਸੰਗੀਤ ਸੁਣੀਏਂ, ਹਵਾ ਤੋਂ, ਪਾਣੀਆਂ ਤੋਂ,
ਮੌਸਮ ਨਿਗਲ ਨਾ ਜਾਵੇ, ਇਹਨਾਂ ਸਾਜ਼ਿੰਦਿਆਂ ਨੂੰ।

ਪੱਖਾ ਹੈ ਤਾਂ ਹਵਾ ਹੈ, ਉੱਦਮ, ਤਾਂ ਲੱਛਮੀ,
ਕੋਈ ਕਮੀ ਨਹੀਂ ਹੈ, ਕੰਮ ਦੇ ਕਰਿੰਦਿਆਂ ਨੂੰ।

ਕੀਮਤ ਨਹੀਂ ਤੂੰ ਓਦੋਂ ਉਸ ਸ਼ੈਅ ਦੀ ਕਦਰ ਜਾਣੀ,
ਵੇਖੇਂ ਜਦੋਂ ਵੀ 'ਪ੍ਰੀਤਮ', ਬੇ-ਮੁੱਲ ਦਿੰਦਿਆਂ ਨੂੰ।

↑ ਤਤਕਰਾ ↑

ਝੀਲ ਵਿਚ ਸੁੱਟ ਕੇ ਡਬੋਈ, ਓਸ ਨੇ ਭਾਰੀ ਕਿਤਾਬ,
ਪੜ੍ਹ ਕੇ ਭਵਜਲ ਤਰਨ ਦਾ ਲਾਇਆ ਨਹੀਂ ਕੋਈ ਹਿਸਾਬ।

ਆਪਣੇ ਥੱਲੇ ਨ੍ਹੇਰ ਹੈ ਪਰ ਰਾਹ ਦਿਖਾਵੇ ਫੇਰ ਵੀ,
ਬਲ ਰਹੇ ਦੀਪਕ ਦੀ ਹੁੰਦੀ ਆਪਣੀ ਵੱਖਰੀ ਹੀ ਤਾਬ।

ਚੰਗਾ ਮੰਦਾ ਕਹਿਣ ਦੀ ਜਲਦ-ਬਾਜ਼ੀ ਨਾ ਕਰੀਂ,
ਕੀ ਪਤਾ, ਕੀ ਨਿੱਕਲੇ! ਜਦ ਰਾਜ਼ ਹੋਇਆ ਬੇ-ਨਕਾਬ।

ਆਪਣਾ ਭਾਂਡਾ ਸਲਾਹਿਆ ਹੈ ਘੁਮਾਰੀ ਨੇ ਸਦਾ,
ਰੋੜ੍ਹਿਆ ਬੇਸ਼ੱਕ ਹੋਵੇ, ਉਸ ਨੇ 'ਸੋਹਣੀ' ਦਾ ਸ਼ਬਾਬ।

ਕੋਈ ਆਪਣੇ ਆਪ ਨੂੰ 'ਖ਼ਾਕੀ' ਤੋਂ 'ਨੂਰੀ' ਕਰ ਸਕੇ,
'ਸੁਰਤ' ਕਰਕੇ ਛੇੜੀ ਹੋਵੇ 'ਬੰਸਰੀ' ਭਾਵੇਂ 'ਰਬਾਬ'।

"ਇਸਨੂੰ ਇੰਜ ਸੁਲਝਾ ਲਿਓ" ਇਹ ਲਿਖਣ ਸੀ ਲੱਗਿਆ,
ਏਨੀਆਂ ਸਨ 'ਗੁੰਝਲਾਂ' ਕਿ ਹੋ ਗਈ ਭਾਰੀ ਕਿਤਾਬ।

ਹਰ ਨਵਾਂ-ਮਨ ਆਲਸੀ ਤੇ ਹਰ ਨਵਾਂ-ਮਨ ਜੰਗਲੀ,
ਨਾ ਹੀ ਮਜ਼ਹਬ, ਨਾ ਸਿਆਸਤ, ਕਰ ਸਕਣਗੇ ਬੇ-ਖ਼ਰਾਬ।

ਐ 'ਪ੍ਰੀਤਮ'! ਆਪਣੇ ਮਨ-ਦੀ-ਝੀਲ ਦੇ ਵਿਚ ਡੁੱਬ ਕੇ,
ਲੱਭ ਸਕੇਂ ਤਾਂ ਲੱਭ ਕੇ, ਪੜ੍ਹ ਲਵੀਂ ਸੱਚ ਦੀ ਕਿਤਾਬ।

↑ ਤਤਕਰਾ ↑

ਜਿਸ ਦੇ ਵਿਚ ਸੂਲੀ ਹੀ ਨਾ ਅੰਜਾਮ ਹੈ,
ਮੁਜਰਿਮਾਂ ਲਈ ਉਹ ਵੀ ਇਕ ਨਿਜ਼ਾਮ ਹੈ।

ਭੁੱਲਿਆ ਹੋਇਆ ਵੀ ਮੁੜ ਘਰ ਆ ਸਕੇ,
ਏਸ ਥਾਂ 'ਤੇ, ਹਰ ਕਿਸੇ ਲਈ ਸ਼ਾਮ ਹੈ।

ਮੌਤ ਨਾ ਦਿੱਤੀ ਜਾਵੇ, ਤਕਰਾਰ ਨੂੰ,
ਸੱਭਿਅਤਾ, ਸ਼ਾਇਦ ਇਹਦਾ ਹੀ ਨਾਮ ਹੈ।

ਵਿਤਕਰਾ ਕਿੰਜ ਮਿਟ ਸਕੇਗਾ, ਜਿਸ ਜਗ੍ਹਾ,
ਸਿਰਫ਼ ਚੜ੍ਹਦੇ ਵੱਲ ਹੀ, ਪਰਣਾਮ ਹੈ!

ਐ ਪ੍ਰੀਤਮ! ਕਿੰਨਾ ਧੋਖਾ ਖਾ ਰਿਹਾ!
ਲਹਿੰਦੇ ਨੂੰ ਜੋ ਕਰ ਰਿਹਾ ਬਦਨਾਮ ਹੈ।

↑ ਤਤਕਰਾ ↑

ਚਿਰ-ਕਾਲ ਤੋਂ ਇਹ ਬੰਦਾ, ਏਦਾਂ ਹੀ ਕਰ ਰਿਹਾ ਹੈ,
ਮਨ ਦੇ ਹਨੇਰਿਆਂ ਤੋਂ, ਦਿਨ-ਰਾਤ ਡਰ ਰਿਹਾ ਹੈ।

ਕਮਜ਼ੋਰ ਹੈ ਜੋ ਬੰਦਾ , ਆਪਣੀ ਸੁਰੱਖਿਆ ਲਈ,
ਰੱਬਾਂ ਦੇ, ਰਾਜਿਆਂ ਦੇ, ਕਈ ਡੰਨ ਭਰ ਰਿਹਾ ਹੈ।

'ਇੰਦਰ' ਦੀ ਗੜ੍ਹਕ ਅੱਗੇ, ਕੁਰਬਾਨੀਆਂ ਵੀ ਰੱਖੀਆਂ,
ਕਿੰਨਾ ਹੈ 'ਖ਼ੁਸ਼ਕ' ਯਾਰੋ! ਹੁਣ ਤਾਈਂ ਵਰ੍ਹ ਰਿਹਾ ਹੈ!

ਛੱਤੀਹ-ਪਦਾਰਥਾਂ ਨੂੰ, ਇਸ 'ਹਵਨ-ਕੁੰਡ' 'ਚ ਪਾਓ!
'ਕਲਿਆਣ' ਹੋਵੇ ਉਸਦੀ, ਭੁੱਖਾ ਜੋ ਮਰ ਰਿਹਾ ਹੈ।

ਜਿਸ, ਮੇਰਾ ਰੁੱਖ ਵੱਢ ਕੇ, ਬੇੜੀ ਬਣਾ ਲਈ ਸੀ,
ਦੇਖੀਂ ਜ਼ਰਾ ਕੁ 'ਪ੍ਰੀਤਮ'! ਡੁੱਬਿਆ ਕਿ ਤਰ ਰਿਹਾ ਹੈ।

↑ ਤਤਕਰਾ ↑

ਮੁਮਕਿਨ ਹੈ, ਆਦਮੀ ਦਾ ਲਾਚਾਰ ਨਾ ਹੋਣਾ,
ਬੀਮਾਰ ਫ਼ਿਜ਼ਾ ਵਿਚ ਵੀ, ਬੀਮਾਰ ਨਾ ਹੋਣਾ।

ਨਿਰਮਲ ਅਤੇ ਨਿਰਾਲਮ ਹੋਣਾ ਹੈ ਨੀਲੋਫ਼ਰ ਦਾ,
ਬਾਜ਼ਾਰ 'ਚ ਤਾਂ ਹੋਣਾ, ਖ਼ਰੀਦਾਰ ਨਾ ਹੋਣਾ।

ਇਸ ਤਰ੍ਹਾਂ ਵੀ ਹੋਣਾ ਹੈ ਜੀਵਨ ਦੀ ਨਦੀ ਅੰਦਰ,
ਬਾਹਾਂ ਤੋਂ ਬਿਨਾ ਕੋਈ ਪਤਵਾਰ ਨਾ ਹੋਣਾ।

ਹਰ ਦਰਦ ਬੇਗਾਨੇ ਦੀ ਵੱਖਰੀ ਹੀ ਕਹਾਣੀ ਹੈ,
ਮੁਮਕਿਨ ਹੈ ਦੋਸਤਾਂ ਦਾ, ਗ਼ਮਖ਼ਾਰ ਨਾ ਹੋਣਾ।

ਹਰ ਵਕਤ ਖ਼ਿਜ਼ਾ ਏਥੇ, ਹਰ ਵਕਤ ਬਹਾਰਾਂ ਨੇ,
ਦੁਨੀਆਂ ਦੇ ਜਿਹਾ ਪ੍ਰੀਤਮ! ਗੁਲਜ਼ਾਰ ਨਾ ਹੋਣਾ।

↑ ਤਤਕਰਾ ↑

ਦਰਦ ਵਧ ਕੇ ਜਦੋਂ ਦਵਾ ਨਾ ਬਣੇ,
ਸਹ-ਖ਼ੁਦਕੁਸ਼ੀ[1] ਫਿਰ ਖ਼ਤਾ ਨਾ ਬਣੇ।

ਜਨਮ ਦੇਣ ਜਾਂ ਨਾ-ਦੇਣ ਦਾ ਹੱਕ,
ਕਿਸੇ ਦੇ ਵਾਸਤੇ, ਸਜ਼ਾ ਨਾ ਬਣੇ।

ਪੱਤੇ ਐਵੇਂ ਹੀ ਜੋ ਹਿਲਾਂਦੀ ਫਿਰੇ,
ਆਦਮੀ ਤੋਂ ਕਦੇ ਹਵਾ ਨਾ ਬਣੇ।

ਅਗਾਂਹ ਜਾਂਦੇ ਨੂੰ ਜੋ ਪਿਛਾਂਹ ਸੱਦੇ,
ਕਿਸੇ ਵੀ ਦਿਲ ਦੀ ਸਦਾ ਨਾ ਬਣੇ।

ਕਰੇ ਨੁਕਸਾਨ ਜੋ ਜ਼ਮੀਰਾਂ ਦਾ,
ਕੋਈ ਐਸਾ ਵੀ ਤਾਂ ਨਫ਼ਾ ਨਾ ਬਣੇ।

1. Euthanasia

↑ ਤਤਕਰਾ ↑

ਉੱਡਣੇ ਭੁਕਾਨੇ ਅੱਜ ਗਲੀ ਗਲੀ ਫਿਰਦੇ ਨੇ,
ਆਸੇ ਪਾਸੇ ਚੱਲਦੇ ਨੇ ਤੀਰ,
ਧਰਤੀ ਦੇ ਵਾਸੀਆਂ ਨੂੰ, ਧਰਤੀ ਨੇ ਸਾਂਭਣਾ ਹੈ,
ਏਹੋ ਹੀ ਹੈ ਇਨ੍ਹਾਂ ਦੀ ਅਖ਼ੀਰ।

ਤੇਹ ਸਾਡੀ ਚੰਦਰੀ, ਹੈ ਜਾਗੇ ਸਹਿਰਾ ਜੇਹੀ,
ਘੜੀ ਘੜੀ ਮੰਗਦੀ ਹੈ ਨੀਰ,
ਘਟਾ-ਘਨਘੋਰ ਦੀ ਥਾਂ, ਇਹ ਭਲਾ ਕੀ ਕਰੇ!
ਬੱਦਲਾਂ ਦੀ ਪਾਟੀ ਹੋਈ ਲੀਰ।

'ਮਨਸਾ' ਆਵਾਰਾ ਹੋਈ, ਕਦੇ ਸੱਚ ਲੋਚਦੀ ਨਾ,
ਕਿਹੋ ਜਿਹੀ ਏਸ ਦੀ ਤਾਸੀਰ!
ਆਪਣੇ ਬੇਗਾਨਿਆਂ ਦੀ ਸੋਚ ਵਿਚ ਖਚੀ ਹੋਈ,
ਭੁੱਲ ਜਾਵੇ ਆਪਣੀ ਜ਼ਮੀਰ।

ਸਾਰੇ ਹਥਿਆਰਾਂ ਨਾਲੋਂ ਹੋਣ ਅਹਿਸਾਸ ਤਿੱਖੇ,
ਲੰਘ ਜਾਂਦੇ ਦਿਲਾਂ ਨੂੰ ਵੀ ਚੀਰ,
ਆਸ ਤੋਂ ਬੇ-ਆਸ ਜਾਂ ਨਿਰਾਸ ਕਰ ਛੱਡਦੇ ਨੇ,
ਇਹੀ ਨੇ ਜੋ ਬੰਨ੍ਹਦੇ ਨੇ ਧੀਰ।

ਪੁੱਛ ਲਵੇ ਕੋਈ ਜੇ ਕਿ, " ਆਦਰ ਕੀ ਹੋਵੰਦਾ ਹੈ?"
ਖਿੱਚ ਦੇਣਾ ਪਾਣੀ 'ਚ ਲਕੀਰ।
ਜਾਂ ਇਹ ਕਿਸੇ ਸ਼ਰਧਾ ਨੇ ਦਿਲ ਤੋਂ ਬਣਾਈ ਜਿਹੜੀ,
ਹਵਾ ਵਿਚ ਲਿਖੀ ਤਹਿਰੀਰ।

ਤੇਰੇ ਤੁਰ ਜਾਣ ਪਿੱਛੋਂ, 'ਪ੍ਰੀਤਮ' ਦੇ ਕੋਲ ਹੈ ਜੋ,
ਦਿਲ ਵਿਚ ਤੇਰੀ ਤਸਵੀਰ,
ਇਹੀ ਇਹਦੀ ਜ਼ਿੰਦਗੀ ਤੇ ਜ਼ਿੰਦਗੀ ਦੀ ਰਾਸ ਹੈ ਨੀ!
ਏਹੋ ਹੀ ਹੈ ਏਸ ਦੀ ਜਾਗੀਰ।

↑ ਤਤਕਰਾ ↑

ਨਹੀਂ ਮਖ਼ਮਲਾਂ ਜੇ ਤਾਂ ਨਾ ਸਹੀ,
ਮੈਨੂੰ ਭਰੀ-ਭਰਾਈ ਪਰਾਲ[1] ਦੇ।
ਮੈਂ ਲਈ ਜੋ ਆਪ ਨਗੰਦ ਕੇ,
ਮੇਰੀ ਗੋਦੜੀ ਨੂੰ ਵੀ ਲਾਲ ਦੇ।

ਇਹ ਸਜ਼ਾ ਤਾਂ ਮੈਨੂੰ ਦੇ ਲਈ,
"ਮਿਲੇ ਮਾਤਲੋਕ ਦੀ ਜ਼ਿੰਦਗੀ"!
ਪਰ ਉਸ ਗੁਨਾਹ ਨੂੰ ਕਰਦਿਆਂ,
ਜਿਹੜੀ ਨਾਲ ਸੀ ਉਹ ਵੀ ਨਾਲ ਦੇ।

ਜਿੱਥੇ ਨਾਲ ਕੋਈ ਨਾ ਜਾ ਸਕੇ,
ਓਥੇ ਜਾ ਕੇ ਵੀ ਕੋਈ ਆ ਸਕੇ,
ਜੇ ਤੂੰ 'ਸਰਬ-ਸ਼ਕਤੀਮਾਨ' ਹੈਂ,
ਜ਼ਰਾ ਇਹ ਵੀ ਕਰ ਕੇ ਦਿਖਾਲ ਦੇ।

ਦੇਖਾਂ ਸਹੀ! ਕੋਈ ਕਿਸ ਤਰ੍ਹਾਂ,
ਕਰੇ ਤੇਰੇ ਨਾਲ ਵਧੀਕੀਆਂ!
ਤੂੰ ਕੁਝ ਪਲਾਂ ਦੇ ਵਾਸਤੇ,
ਮੈਨੂੰ ਆਪਣਾ ਆਪ ਸੰਭਾਲ ਦੇ।

ਇਹੇ ਕਿਸ ਤਰ੍ਹਾਂ ਦੀ ਹਵਾ ਚੱਲੀ!
ਕਿ ਥਲਾਂ 'ਚੋਂ ਪੈੜ ਵੀ ਉੜ ਗਈ,
ਜੋ ਸਬੱਬ ਰਿਹਾ ਮੇਰੀ ਪਿਆਸ ਦਾ,
ਮੇਰੀ ਤਪਦੀ-ਰੂਹ ਨੂੰ ਭਾਲ ਦੇ।

ਕਿ ਮੈਂ ਆਪਣੀ ਤਪਸ਼ ਮਿਟਾ ਸਕਾਂ,
ਦੁਨੀਆਂ 'ਚ ਠੰਡ ਵਰਤਾ ਸਕਾਂ,
ਮੇਰੀ ਸੋਚ ਨੂੰ ਮੇਰੀ ਸਮਝ ਨੂੰ,
ਕੋਈ ਇਸ ਤਰ੍ਹਾਂ ਦਾ ਖ਼ਿਆਲ ਦੇ।

---

1. ਪਰਾਲ ਜਾਂ ਪਰਾਲੀ = ਝੋਨੇ ਦਾ ਨਾੜ, ਜਿਸ ਵਿਚੋਂ ਦਾਣੇ ਕੱਢੇ ਹੋਏ ਹੁੰਦੇ ਹਨ।(ਆਮ ਤੌਰ 'ਤੇ ਗ਼ਰੀਬ ਲੋਕ ਜਾਂ ਸਰਾਂਵਾਂ ਵਿਚ ਠਹਿਰਨ ਵਾਲੇ, ਇਸ ਉੱਪਰ ਸੌਂਦੇ ਹਨ।)

↑ ਤਤਕਰਾ ↑

ਦੋ ਨੀਅਤਾਂ ਮੇਰੇ ਘਰ ਆਈਆਂ, ਇਕ ਭੁੱਖੀ ਇਕ ਰੱਜੀ,
ਇਕ ਫਿਰੇ ਪਈ ਨੰਗੀ ਨੰਗੀ, ਦੂਜੀ ਕੱਜੀ ਕੱਜੀ।

ਸਰਹੱਦਾਂ 'ਤੇ, ਜਦੋਂ ਕਿਸੇ ਨੇ, ਕਿਸੇ ਦੇ ਗੋਲੀ ਮਾਰੀ,
ਘਰ ਵਿਚ ਬੈਠੀ, ਸੁੱਖਾਂ ਸੁੱਖਦੀ, ਮਾਂ ਦੇ ਸੀਨੇ ਵੱਜੀ।

ਹੱਕ ਨਿਆਂ ਦੇ ਰਾਜ ਦੀ ਖ਼ਾਤਿਰ, ਜਦ ਵੀ ਲੋੜ ਪਈ ਹੈ,
ਨੀਤੀਵਾਨਾਂ, ਚੁਣੀ ਹੈ ਨੀਤੀ, ਨਾ ਖੱਬੀ ਨਾ ਸੱਜੀ।

ਵਾਸ਼ਨਾਵਾਂ ਦੇ ਨ੍ਹੇਰ ਨੇ ਜਿਸ ਨੂੰ, ਹੈ ਨਿਰਮੋਹੀ ਕੀਤਾ,
ਉਸ ਦੇ ਅੰਬਰੀਂ, ਯਾਦ ਕਿਸੇ ਦੀ, ਨਾ ਚਮਕੀ ਨਾ ਗੱਜੀ।

ਜਦੋਂ ਭਰਾਵਾਂ ਦੇ ਝਗੜੇ ਤੋਂ, ਖ਼ੂਨੀ ਜੰਗ ਛਿੜੀ ਹੈ,
ਐਸੀ ਹਾਲਤ ਦੇ ਵਿਚ 'ਪ੍ਰੀਤਮ' ਆਪਣੀ ਹੀ ਬਾਂਹ ਭੱਜੀ।

↑ ਤਤਕਰਾ ↑

ਲਲਾਰੀ ਕੌਣ ਸੀ? ਜਿਸ ਤੋਂ ਖ਼ੁਸ਼ੀ ਆਪਣੀ ਰੰਗਾਈ ਸੀ,
ਕਿਹਦੀ ਜਾਦੂਗਰੀ ਨੇ, ਸੱਤਰੰਗੀ ਪੀਂਘ ਪਾਈ ਸੀ?

ਜਦੋਂ ਆਫ਼ਤ ਸਮਝ ਆਵੇ, ਨਿਡਰਤਾ ਆ ਹੀ ਜਾਂਦੀ ਹੈ,
'ਸਮਝ' ਦੇ ਨਾਲ ਕੁਝ ਲੋਕਾਂ ਸ਼ਹਾਦਤ ਵੀ ਜਾ ਪਾਈ ਸੀ।

ਇਕ ਪਹਿਲੂ ਮੁਹੱਬਤ ਦਾ ਬੜਾ ਖ਼ੁਦਗ਼ਰਜ਼ ਹੁੰਦਾ ਹੈ,
ਕਿਸੇ 'ਤੇ ਹੱਕ ਜਮਾਵਣ ਦੀ, ਅਕਲ ਏਸੇ ਸਿਖਾਈ ਸੀ।

ਨਾ ਕਰ ਤਾਰੀਫ਼ ਰੁੱਖਾਂ ਦੀ, ਇਨ੍ਹਾਂ ਦੀ ਮਿਹਰਬਾਨੀ ਦੀ,
ਇਨ੍ਹਾਂ ਦਾ ਫਲ ਹੀ ਸੀ ਜਿਸ ਨੇ ਕਦੇ ਜੰਨਤ ਛੁਡਾਈ ਸੀ।

ਸਿਤਾਰੇ ਕੋਸ ਨਾ 'ਪ੍ਰੀਤਮ'! ਗ਼ਮਾਂ ਦੀ ਰਾਤ ਦੀ ਝੋਲੀ,
ਸਿਤਾਰਾ ਉਹ ਵੀ ਸੀ ਡੁੱਬਕੇ ਜਿਹਨੇ ਸੁਬਹ ਦਿਖਾਈ ਸੀ।

↑ ਤਤਕਰਾ ↑

ਹੰਝੂ ਨੂੰ ਦੇਖ, ਇਸ ਦੇ ਗੁੰਗੇ-ਬਿਆਨ ਦੇਖ,
ਸ਼ਬਨਮ-ਨੁਮਾ ਦੇ ਦਿਲ ਦੇ ਅੰਦਰ ਤੂਫ਼ਾਨ ਦੇਖ!

'ਮੁਮਤਾਜ-ਮਹਿਲ' ਘੜ ਕੇ ਮਕਤਲ ਨੂੰ ਜਾ ਰਹੇ!
ਵੱਖਰੇ ਮਿਜ਼ਾਜ ਵਾਲਾ, 'ਸ਼ਾਹ-ਏ-ਜਹਾਨ' ਦੇਖ।

ਜੰਗਲਾਤ ਨੇ ਵੀ ਸਿਰ 'ਤੇ ਅਸਮਾਨ ਚੁੱਕ ਲਿਆ,
ਖ਼ਤਰੇ ਦੇ ਵਿਚ ਆਈ, ਬੇਬਸ ਦੀ ਜਾਨ ਦੇਖ।

'ਕਦੇ ਵੀ ਨਾ ਸਨ ਇਸ ਦੇ ਵਿਹੜੇ 'ਚ ਰੌਣਕਾਂ',
ਇਹ ਹੀ ਨਾ ਸਮਝ ਬੈਠੀਂ, ਖਾਲੀ ਮਕਾਨ ਦੇਖ।

ਪਾਗਲ ਨਾ ਆਖ, ਪ੍ਰੀਤਮ! ਆਸ਼ਿਕ-ਮਿਜ਼ਾਜ ਨੂੰ,
ਉਸਦੀ ਨਜ਼ਰ 'ਚ ਬਹਿ ਕੇ, ਉਸਦਾ ਜਹਾਨ ਦੇਖ।

↑ ਤਤਕਰਾ ↑

ਜਾ ਰਹੇ ਨੇ ਆਪਣੇ, ਆਪਣੇ ਘਰਾਂ ਨੂੰ ਛੱਡ ਕੇ,
ਜੱਦ ਦੀ ਮਿੱਟੀ ਦੇ, ਮਿੱਠੇ ਰਿਸ਼ਤਿਆਂ ਨੂੰ ਛੱਡ ਕੇ।

ਖ਼ਤਰੇ ਦੇ ਵਿਚ, ਬੱਚਿਆਂ ਨੂੰ ਮਾਂ ਨਾ ਛੱਡ ਕੇ ਜਾਏਗੀ,
ਪੰਛੀ ਉੱਡ ਜਾਵੇਗਾ ਕਿਧਰੇ, ਕਿੰਜ ਪਰਾਂ ਨੂੰ ਛੱਡ ਕੇ।

ਏਸ ਫ਼ਾਨੀ ਜ਼ਿੰਦਗੀ ਦੀ, ਜੜ੍ਹ ਹਮੇਸ਼ਾ ਰਹਿ ਸਕੇ,
ਰੁੱਖ ਤੁਰਦੇ ਨੇ ਘਰਾਂ 'ਚੋਂ, ਟਾਹਣੀਆਂ ਨੂੰ ਛੱਡ ਕੇ।

ਮ੍ਰਿਗ-ਤ੍ਰਿਸ਼ਨਾ ਵੀ ਹੈ ਦਿਸਦਾ ਪਿਆਸ ਮੇਰੀ ਨੂੰ ਤਲਾ,
ਹੋਰ ਕੁਝ ਚੇਤੇ ਨਹੀਂ ਹੈ, ਪਾਣੀਆਂ ਨੂੰ ਛੱਡ ਕੇ।

ਮੈਨੂੰ ਅਕਸਰ ਹੀ, ਉਨ੍ਹਾਂ ਦੇ ਅਕਸ ਦਾ ਝੌਲਾ ਪਿਆ,
ਹਮ-ਸਫ਼ਰ ਜੋ ਤੁਰ ਗਏ ਨੇ, ਚਿਹਰਿਆਂ ਨੂੰ ਛੱਡ ਕੇ।

ਸੋਚਿਆ ਸੀ ਕਰ ਲਵਾਂਗੇ ਜਾ ਕੇ ਮੰਜ਼ਿਲ 'ਤੇ ਆਰਾਮ,
ਪਰ ਕਦੇ ਵੀ ਬਹਿ ਸਕੇ ਨਾ ਰਸਤਿਆਂ ਨੂੰ ਛੱਡ ਕੇ।

ਇਹ ਨਾਮੁਮਕਿਨ ਤਾਂ ਨਹੀਂ ਪਰ ਬਹੁਤ ਔਖਾ ਹੈ ਹਜ਼ੂਰ,
ਦੁਨੀਆਂ ਵਿਚ ਜੀਣਾ ਕਿਸੇ ਦਾ, ਹਸਰਤਾਂ ਨੂੰ ਛੱਡ ਕੇ।

ਚੱਲ ਪ੍ਰੀਤਮ! ਹੁਣ ਤੋਂ ਅੱਗੇ, ਹੋਰ ਪਾਸੇ ਵੱਲ ਨੂੰ,
ਸਾਥੀਆਂ ਦੇ, ਬੇਲੀਆਂ ਦੇ, ਕਾਰਵਾਂ ਨੂੰ ਛੱਡ ਕੇ।

↑ ਤਤਕਰਾ ↑

ਝੋਕ ਆ ਕੇ ਨੀਂਦ ਦੀ ਪਾਉਂਦੀ ਯੁਗਾਂ ਦੇ ਫ਼ਾਸਲੇ,
ਇਕ ਘੜੀ ਦਾ ਖੁੰਝਿਆ, ਸੌ ਕੋਹਾਂ ਤਾਈਂ ਨਾ ਮਿਲੇ।

ਜ਼ਿੰਦਗੀ ਦਾ ਨਾਮ 'ਲੀਲਾ' ਜ਼ਿੰਦਗੀ 'ਸੰਗਰਾਮ' ਵੀ,
ਖੇਡਣ ਤੇ ਜੂਝਣ ਦੇ ਪਿੱਛੋਂ, ਇਕੋ ਥਾਂ ਸਭ ਜਾ ਰਲੇ।

ਸਰਦਲਾਂ ਵਿਚ ਬੈਠ ਕੇ, ਜਿਨ੍ਹਾਂ ਦੀ ਰਾਹ ਤਕਦੇ ਰਹੇ,
ਖ਼ਬਰੇ ਕਿਧਰੋਂ ਲੰਘ ਗਏ ਚੰਗੇ ਦਿਨਾਂ ਦੇ ਕਾਫ਼ਲੇ!

ਧੌਲੇ-ਬੈਲ ਦਾ ਸਿੰਙ ਬਣ ਕੇ ਸਭ ਲੋਕਾਈ ਚੁੱਕ ਲਈ,
ਜੋ ਅਸਹਿ ਨੂੰ ਸਹਿ ਗਏ, ਦੇਖੇ ਉਨ੍ਹਾਂ ਦੇ ਹੌਸਲੇ।

ਖੰਡਰਾਂ ਨੂੰ ਦੇਖਿਆ ਤਾਂ ਸੂਝ ਆਏਗੀ ਜ਼ਰੂਰ,
ਨਿਕਲਦੇ ਦੇਖੇ ਨੇ ਅਕਸਰ ਕਸ਼ਮਕਸ਼ 'ਚੋਂ ਵਲਵਲੇ।

ਖੁਰਚਦੀ ਹੈ, ਜ਼ਖ਼ਮੇ-ਦਿਲ 'ਤੇ ਆਏ ਹਰ ਅੰਗੂਰ ਨੂੰ,
ਯਾਦ ਉਸਦੀ ਪੀੜ ਬਣ ਕੇ ਆ ਮਿਲੇ ਜਦ ਵੀ ਗਲੇ।

ਦੱਸ ਪ੍ਰੀਤਮ! ਫੇਰ ਮੈਨੂੰ ਰਹਿਮਤਾਂ ਦੀ ਲੋੜ ਕੀ?
ਅਮਲਾਂ ਦੇ ਉੱਤੇ ਹੀ ਹੋਣੇ ਹੈਨ ਜੇਕਰ ਫ਼ੈਸਲੇ।

↑ ਤਤਕਰਾ ↑

ਅੱਜ ਆਪਣੇ ਆਪ ਨੂੰ ਹੀ, ਮੇਰਾ ਸਵਾਲ ਹੈ,
ਕਿ ਇਕ ਜਵਾਬ ਨੂੰ ਵੀ ਆਪਣੀ ਹੀ ਭਾਲ ਹੈ।

ਜਿਸ ਚੈਨ ਦੇ ਲਈ, ਤੂੰ ਫਿਰਦਾ ਹੈਂ ਭਟਕਦਾ,
ਤੇਰੇ ਜਨਮ ਤੋਂ ਲੈ ਕੇ, ਤੇਰੇ ਹੀ ਨਾਲ ਹੈ।

ਚਿਹਰੇ ਤੋਂ ਦਾਗ਼ ਲਾਹਵਾਂ, ਸ਼ੀਸ਼ਾ ਖਰੋਚ ਕੇ,
ਬਾ-ਖ਼ਬਰ ਹੀ ਨਹੀਂ ਹਾਂ, ਮੇਰਾ ਇਹ ਹਾਲ ਹੈ।

ਇਕ ਉਮਰ ਬੀਤ ਜਾਵੇ, ਪਰਤਾਂ ਉਤਾਰਦੇ,
ਕਿ ਸਵਾਲ ਦਾ ਜਵਾਬ ਵੀ ਏਥੇ ਸਵਾਲ ਹੈ।

ਪਰਛਾਵਿਆਂ ਦੇ ਨਾਲ ਸਹਿਮਤ ਨਾ ਹੋ ਸਕਾਂ,
ਪਰਛਾਵਿਆਂ ਦਾ ਆਪਣਾ ਵੱਖਰਾ ਖ਼ਿਆਲ ਹੈ।

'ਪੁੰਨ-ਪਾਪ' ਸਿਰਜ ਦੇਣਾ, ਸੁਧਾਰ ਵਾਸਤੇ,
ਕੁਝ ਦਾਨਿਆਂ ਦੀ, ਖੇਡੀ ਬਾਜ਼ੀ ਦੀ ਚਾਲ ਹੈ।

ਸਚਖੰਡ ਤੇ ਸੁਰਗ ਦਾ ਪ੍ਰੀਤਮ! ਇਹ ਫ਼ਰਕ ਹੈ,
ਪਹਿਲਾ ਜਮਾਲ ਹੈ ਤੇ ਦੂਜਾ ਕਮਾਲ ਹੈ।

↑ ਤਤਕਰਾ ↑

ਗੱਲ ਸਾਫ਼ ਸਾਫ਼ ਕਹਿ ਕੇ ਫਿਰ ਵੀ ਛੁਪਾਈ ਉਸ ਨੇ,
ਉਲਝਣ ਦੇ ਮਾਰਿਆਂ ਦੀ ਉਲਝਣ ਵਧਾਈ ਉਸ ਨੇ।

ਪੁੱਛਿਆ ਜਦੋਂ ਮੈਂ ਉਸਨੂੰ "ਦੱਸ ਤਾਂ ਇਹ ਜ਼ਿੰਦਗੀ ਕੀ"?
ਤੀਲਾਂ ਦੀ ਡੱਬੀ ਉੱਤੇ, ਤੀਲੀ ਘਸਾਈ ਉਸ ਨੇ।

ਦੱਸਣ ਲਈ ਕਿ ਜੀਵਨ, ਕੀ ਮੰਗਦਾ ਤੇ ਕੀ ਦਿੰਦਾ,
ਫਲ-ਦਾਰ ਦੀ ਪਨੀਰੀ, ਮੈਨੂੰ ਫੜਾਈ ਉਸ ਨੇ।

ਜੇ ਮਿਲਿਆ ਮਸਖ਼ਰੇ ਨੂੰ, ਮਿਲਿਆ ਹੈ ਜੱਗ ਦਾ ਹਾਸਾ,
ਰੋਇਆ ਹੈ ਦਿਲ ਤਾਂ ਫਿਰ ਵੀ ਦੁਨੀਆਂ ਹਸਾਈ ਉਸ ਨੇ।

ਜੀਵਨ ਦੇ ਵਿਚ ਕੋਈ ਜਿਸ ਤਰ੍ਹਾਂ ਜੀਅ ਰਿਹਾ ਹੈ,
ਜੀਵਨ-ਦੀ-ਜਾਚ 'ਪ੍ਰੀਤਮ'! ਉਹ ਹੀ ਸਿਖਾਈ ਉਸ ਨੇ।

↑ ਤਤਕਰਾ ↑

ਪੁਲ 'ਤੇ ਬੈਠਾ ਵਗਦਾ ਪਾਣੀ ਦੇਖ ਰਿਹਾ ਹਾਂ,
ਇਸ ਦੁਨੀਆਂ ਦੀ ਆਣੀ ਜਾਣੀ ਦੇਖ ਰਿਹਾ ਹਾਂ।

ਏਸ ਜਗਹ 'ਤੇ ਭਾਵੇਂ ਪਹਿਲੀ ਵਾਰੀ ਆਇਆਂ,
ਫਿਰ ਵੀ ਮੈਂ ਕੋਈ ਸਾਂਝ ਪੁਰਾਣੀ ਦੇਖ ਰਿਹਾ ਹਾਂ।

ਉਸ ਅਧਖੜ ਦਾ ਜੀਵਨ ਜਿਸ ਦੇ ਵਿਚ ਬੱਝਾ ਹੈ,
ਉਹ ਚਾਦਰ ਹੁਣ ਅੱਧੋਰਾਣੀ ਦੇਖ ਰਿਹਾ ਹਾਂ।

ਜੋ ਕਬੀਲਾ-ਵਾਦ ਲਈ ਨੇ ਲੜਦੇ ਮਰਦੇ,
ਐਸੇ ਸਿਰ-ਫਿਰਿਆਂ ਦੀ ਢਾਣੀ ਦੇਖ ਰਿਹਾ ਹਾਂ।

ਇਕ ਸ਼ਿਕਾਰ ਤੇ ਇਕ ਸ਼ਿਕਾਰੀ ਵੱਖਰੇ ਭਾਵੇਂ,
ਮੈਂ ਦੋਹਾਂ ਦੀ ਇਕ ਕਹਾਣੀ ਦੇਖ ਰਿਹਾ ਹਾਂ।

↑ ਤਤਕਰਾ ↑

ਕੌਣ ਸੀ? ਜੋ ਖ਼ਾਕ ਤੋਂ ਕੋਈ ਚੀਜ਼ ਲੈ ਕੇ ਆ ਗਈ,
ਕੁਝ ਰਵਾ ਕੇ, ਕੁਝ ਹਸਾ ਕੇ, ਖ਼ਾਕ ਨੂੰ ਪਰਤਾ ਗਈ।

ਦੇਖ ਕੇ ਬਚਪਨ ਦੀ ਇਕ ਤਸਵੀਰ ਮੈਂ ਇਹ ਸੋਚਦਾਂ,
ਹੁਣ ਤਾਈਂ ਇਹ ਜ਼ਿੰਦਗੀ ਕੀ ਖੋ ਗਈ ਕੀ ਪਾ ਗਈ!

ਨਾ-ਤਜਰਬਾਕਾਰ ਹੈ ਜੀਵਨ ਦੇ ਰਾਹ 'ਤੇ ਜ਼ਿੰਦਗੀ,
ਫੇਰ ਕੀ ਹੋਇਆ! ਜੇ ਇਹ ਡਰ ਗਈ ਘਬਰਾ ਗਈ।

ਇਕ ਮੱਛੀ ਤੋਂ ਜਦੋਂ ਪੁੱਛੀ ਕਹਾਣੀ ਸੱਚ ਦੀ,
ਕਹਿਣ ਲੱਗੀ, "ਜ਼ਿੰਦਗੀ ਨੂੰ ਜ਼ਿੰਦਗੀ ਹੀ ਖਾ ਗਈ"।

ਮਾਰੂਥਲ ਦਾ ਸੁਹਲ-ਹਿਰਦਾ ਜ਼ੱਰਾ ਜ਼ੱਰਾ ਹੋ ਗਿਆ,
ਫੇਰ ਬਿਨ ਬਰਸੇ ਹੀ ਉਸ ਤੋਂ ਲੰਘ ਕੇ ਬਰਖਾ ਗਈ।

ਹਰ ਕਦਮ 'ਤੇ ਛੱਡੀਆਂ ਨੇ ਕੁਝ ਕੁ ਯਾਦਾਂ ਮਿੱਠੀਆਂ,
ਦੋਸ਼ ਨਾ ਦੇਣਾ, ਇਨ੍ਹਾਂ 'ਚੋਂ ਜੇ ਕੋਈ ਤੜਪਾ ਗਈ।

ਤੁਰ ਗਈ ਬਹਾਰ ਦਾ ਮਾਤਮ ਨਾ ਕਰਨਾ ਦੋਸਤੋ!
ਏਨਾ ਹੀ ਕਾਫ਼ੀ ਹੈ ਕਿ ਉਹ ਬਾਗ ਨੂੰ ਮਹਿਕਾ ਗਈ।

ਐ ਹਵਾ! ਕੀ ਏਸ ਗੱਲ ਦਾ ਵੀ ਤੈਨੂੰ ਅਹਿਸਾਸ ਹੈ?
ਕਿਹੜੀ ਕਿਹੜੀ ਥਾਂ 'ਤੇ ਪੱਤੇ ਝਾੜ ਕੇ ਪਹੁੰਚਾ ਗਈ।

ਯਾਦ ਵੀ ਨਾ ਆਏਗੀ, ਪ੍ਰੀਤਮ! ਕਹਾਣੀ ਆਪਣੀ,
ਮੰਨਿਆਂ ਕਿ ਚਾਰ ਦਿਨ ਲੋਕਾਂ ਦੇ ਮਨ 'ਤੇ ਛਾ ਗਈ।

↑ ਤਤਕਰਾ ↑

ਅੰਗੂਰ ਦੀ ਵੱਤਰ 'ਤੇ, ਨਹੀਂ ਜ਼ਖ਼ਮ ਉਚੇੜੀਦਾ,
ਬੇਕਾਰ 'ਚ ਯਾਦਾਂ ਦਾ ਖੂਹਾ ਨਹੀਂ ਗੇੜੀਦਾ।

ਕੁਝ ਪਲ ਦਾ ਸ਼ੁਗਲ ਬਣੇ ਤੇ ਫੇਰ ਫ਼ਨਾਹ ਹੋਵੇ,
ਅੰਜਾਮ ਇਹੀ ਹੁੰਦਾ, ਕਾਗ਼ਜ਼ ਦੀ ਬੇੜੀ ਦਾ।

'ਨਿਰਾਸਾ' ਦਾ ਬੇਸ਼ੱਕ, 'ਭਵਿੱਖ' ਤਾਂ ਧੁੰਧਲਾ ਹੈ,
ਸ਼ਾਇਦ ਕੋਈ ਆ ਜਾਵੇ, ਬੂਹਾ ਨਹੀਂ ਭੇੜੀਦਾ।

ਸੁਖ-ਚੈਨ ਦੀ ਮੰਗ ਅਗਰ 'ਇਕੱਲਤਾ' ਦੇ ਜਾਵੇ,
ਕਿਉਂ ਸ਼ਿਕਵਾ ਕਰੇ ਕੋਈ ਇਸ ਆਪ-ਸਹੇੜੀ ਦਾ!

ਇਹ ਮੈਲ ਕੁਬੋਲਾਂ ਦੀ, ਦੂਜੇ 'ਤੇ ਸਿੱਟ ਕੇ ਵੀ,
ਆਪਣੇ ਹੀ ਦਾਮਨ ਨੂੰ, ਖ਼ੁਦ ਆਪ ਲਬੇੜੀ ਦਾ।

ਦੋ ਵਿਛੜੀਆਂ ਰੂਹਾਂ ਨੂੰ, ਮੇਲੀਂ, ਜੇ ਮੇਲ ਸਕੇਂ,
ਇਹ ਹੀ ਤਾਂ ਕਰਮ ਹੁੰਦਾ, ਟਿੰਡਾਂ 'ਤੇ ਰੇੜੀ ਦਾ।

ਮਹਫ਼ਿਲ ਵਿਚ ਬੈਠਾ ਵੀ ਦਿਲਗੀਰ ਰਿਹਾਂ, ਪ੍ਰੀਤਮ!
ਕੁਝ ਅਸਰ ਤਾਂ ਹੋਣਾ ਸੀ ਤੇਰੀ ਗੱਲ ਛੇੜੀ ਦਾ।

↑ ਤਤਕਰਾ ↑

ਨਾ ਰਸਤਿਆਂ ਨੂੰ ਯਾਦ ਕਰਨਾ, ਨਾ ਮੰਜ਼ਿਲਾਂ ਦਾ ਖ਼ਿਆਲ ਰੱਖਣਾ,
ਜੀਂਦੇ ਜੀਅ ਪਰ ਰਾਹ 'ਚ ਮਿਲੀਆਂ, ਕੁਰਬਤਾਂ ਨੂੰ ਸੰਭਾਲ ਰੱਖਣਾ।

ਮੈਂ ਆਪਣੀ ਮੰਜ਼ਿਲ ਦੇਖ ਆਇਆ, ਮੈਂ ਸੁਰਖ਼ਰੂ ਹਾਂ ਮੈਂ ਸੁਰਖ਼ਰੂ ਹਾਂ,
ਕਦੇ ਤਾਂ ਆਪਣੀ ਸੋਚ ਅੰਦਰ, ਇਸ ਤਰ੍ਹਾਂ ਦਾ ਕਮਾਲ ਰੱਖਣਾ।

ਜੇ ਕਿਧਰੇ ਨੌਬਤ ਆਣ ਪਹੁੰਚੇ, ਰਵਾਇਤਾਂ ਦੀ, ਜਿੰਦੜੀਆਂ ਦੀ,
ਸੌ ਰਵਾਇਤਾਂ ਦੇ ਬਦਲੇ ਵਿਚ ਇਕ ਜ਼ਿੰਦਗੀ ਨੂੰ ਬਹਾਲ ਰੱਖਣਾ।

ਜੇ ਕੋਈ ਸਾਥੀ ਤਿਲਕ ਰਿਹਾ ਹੈ, ਡਿੱਗ ਰਿਹਾ ਹੈ, ਪਛੜ ਰਿਹਾ ਹੈ,
ਆਪਣੇ ਹੀ ਕਿਰਦਾਰ ਖ਼ਾਤਿਰ, ਉਸ ਨੂੰ ਵੀ ਨਾਲ ਨਾਲ ਰੱਖਣਾ।

ਭਟਕ ਨਾ ਜਾਵੇ ਲੋਚ ਤੇਰੀ, ਬਿਖਰ ਨਾ ਜਾਵੇ ਸੋਚ ਤੇਰੀ,
ਆਪਣੇ ਮਨ ਦੀ ਦੁਨੀਆਂ ਅੰਦਰ, ਇਹ ਸੂਰਤ-ਇ-ਹਵਾਲ ਰੱਖਣਾ।

ਤੇਰੀ ਫ਼ਤਿਹ, ਤੇਰੀ ਆਤਮਾਂ ਦੀ ਸ਼ਕਤੀ ਕਰਕੇ ਹੋ ਗਈ ਸੀ,
ਮਰਦ ਦੀ ਮਰਦਾਨਗੀ ਦਾ, ਵਹਿਮ ਦਿਲ 'ਚੋਂ ਨਿਕਾਲ ਰੱਖਣਾ।

ਇਸਮਤਾਂ, ਇੱਜ਼ਤਾਂ ਦੀ ਖ਼ਾਤਿਰ, ਤਾਕਤਾਂ, ਦੌਲਤਾਂ ਦੀ ਖ਼ਾਤਿਰ,
ਜੋ ਜੰਗ ਹੋ ਕੇ ਹੀ ਹੈ ਰਹਿਣੀ, ਟਲਦੀ ਹੈ ਤਾਂ ਟਾਲ ਰੱਖਣਾ।

ਭੁੱਲ ਕੇ ਹੀ ਮੁਸਕਰਾ ਤਾਂ ਦੇ ਤੂੰ, ਦੁਸ਼ਮਣਾ ਦੇ ਲਈ ਵੀ 'ਪ੍ਰੀਤਮ'!
ਇਹ ਵੀ ਕੀ ਕਿ ਉਮਰ ਭਰ ਹੀ, ਦਿਲ ਦੇ ਵਿਚਲਾ ਚੰਡਾਲ ਰੱਖਣਾ।

↑ ਤਤਕਰਾ ↑

ਪਰਬਤ ਨੂੰ ਪਰ ਲਗਾਓ, ਉੱਡ ਕੇ ਜਹਾਨ ਦੇਖੇ,
ਕੀ ਹੈ ਗੁਮਾਨ! ਦੇਖੇ, ਕੀ ਹੈ ਖ਼ਤਾਨ! ਦੇਖੇ।

ਬੰਦੇ ਦੀ ਸੋਚ ਹੈ ਜੋ ਫ਼ਿਤਰਤ ਵੀ ਬਦਲ ਦੇਵੇ,
ਨਾ ਪਰਾਂ ਦੇ ਹੁੰਦਿਆਂ ਵੀ, ਜਾ ਆਸਮਾਨ ਦੇਖੇ।

ਲੱਗਾ ਕਿ ਰਾਖ਼ ਉਸਦੀ ਫਿਰ ਦਿਲ ਬਣ ਗਈ ਹੈ,
ਬੁਝਦੀ ਚਿਖ਼ਾ ਦੇ ਅੰਦਰ ਸ਼ੁਅਲੇ ਜਵਾਨ ਦੇਖੇ।

ਨੀਹਾਂ ਦੇ ਵਿਚ ਚਿਣਾਏ ਅਰਮਾਨ ਜਿਸਨੇ ਦਿਲ ਦੇ,
ਕਿਸ ਨੂੰ ਤੌਫ਼ੀਕ ਹੈ ਕਿ ਡਿੱਗਦਾ ਮਕਾਨ ਦੇਖੇ!

ਮੈਂ ਜਾਣਦਾ ਹਾਂ, ਮੌਤ ਰਹੇ ਜ਼ਿੰਦਗੀ ਦੀ ਪਿਆਸੀ,
ਹਰ ਹਾਦਸੇ ਦੇ ਪਿੱਛੇ, ਉਸ ਦੇ ਨਿਸ਼ਾਨ ਦੇਖੇ।

ਪੂਰਨ - ਤਿਆਗ ਦਾ ਜੋ ਉਪਦੇਸ਼ ਦੇ ਰਹੇ ਨੇ,
ਪ੍ਰੀਤਮ! ਇਨ੍ਹਾਂ ਦਾ ਕੋਈ, ਸਾਜ਼-ਔ-ਸਾਮਾਨ ਦੇਖੇ।

↑ ਤਤਕਰਾ ↑

ਹੈ ਜਦੋਂ ਅਪਣੱਤ ਦੇ ਹੀ ਮਿਹਣਿਆਂ ਨੇ ਮਾਰਿਆ,
ਛੱਡ ਕੇ ਜੰਨਤ ਨੂੰ ਪਿੱਛੇ ਮੁੜ ਕੇ ਆਉਣਾ ਪੈ ਗਿਆ।

ਉਹ ਕੰਵਲ ਸੀ, ਹੈ ਸੀ ਜਿਹੜੀ ਗੰਦਗੀ 'ਚੋਂ ਉੱਗਿਆ,
ਮਰਨ ਵੇਲੇ ਪੱਤਾ ਪੱਤਾ ਫੇਰ ਓਥੇ ਡਿੱਗਿਆ।

ਹਾਂ, ਰਿਹਾ ਹੈ ਪੂਰਸਲਾਤਾਂ ਨੂੰ ਵੀ ਮੇਰੇ 'ਤੇ ਗਿਲਾ,
ਸੋਚ ਦੇ ਖੰਭ ਲਾ ਕੇ, ਜਦ ਵੀ ਮੈ ਉਨ੍ਹਾਂ ਤੋਂ ਉੱਡਿਆ।

ਦਿਸ-ਹੱਦੇ ਦੇ ਨਾਲ ਮੇਰੀ ਇਸ ਤਰ੍ਹਾਂ ਬਣਦੀ ਰਹੀ,
ਖੜ੍ਹ ਗਿਆਂ ਤਾਂ ਖੜ੍ਹ ਗਿਆ ਤੁਰ ਪਿਆਂ ਤਾਂ ਤੁਰ ਪਿਆ।

ਰਾਹ ਦਿਖਾ ਸਕਦੀ ਹੈ ਲੇਕਿਨ ਰਾਹ ਬਣਾ ਸਕਦੀ ਨਹੀਂ,
ਕੀ ਕਰਾਂਗਾ ਰੌਸ਼ਨੀ ਨੂੰ! ਰਸਤਾ ਹੀ ਜੇ ਨਾ ਰਿਹਾ।

ਬਾਗ 'ਚੋਂ ਪੁੱਟਿਆ ਗਿਆ ਹੈ, ਫਿਰ ਵੀ ਮਹਿਕਾਂ ਵੰਡਦਾ,
ਅੱਜ ਭਾਵੇਂ ਅੱਗ ਦੇ ਵਿਚ ਵੀ ਹੈ ਚੰਦਨ ਝੁਲਸਿਆ।

ਏਸ ਕੁਦਰਤ ਵਿਚ ਪ੍ਰੀਤਮ! ਹੁੰਦਾ ਨਾ ਕੋਈ ਲਿਹਾਜ,
ਬਦ-ਬੋ ਹੋਵੇ ਜਾਂ ਉਹ ਖ਼ੁਸ਼-ਬੋ, ਲੈ ਹੀ ਜਾਂਦੀ ਹੈ ਹਵਾ।

↑ ਤਤਕਰਾ ↑

ਕਿਸੇ ਦੀ ਭਾਲ 'ਚ ਏਨਾ ਵੀ ਕੀ, ਕੋਈ ਧਿਆਨ ਲਗਾਵੇ!
ਆਪਣੇ ਆਪ ਨੂੰ ਰੱਖੇ ਕਿਧਰੇ ਤੇ ਚੇਤਾ ਭੁੱਲ ਜਾਵੇ।

ਆਉਣ ਹੀ ਵਾਲਾ ਹੈ ਦਿਨ, ਲੈ ਕੇ ਆਪਣੇ ਨਾਲ ਉਜਾਲੇ,
ਸੁਬਹ ਦਾ ਤਾਰਾ ਜਾਣ ਲੱਗਿਆਂ, ਇਹ ਵਿਸ਼ਵਾਸ ਦਿਵਾਵੇ।

ਫ਼ਲਸਫ਼ੇ ਨਹੀਂ ਕਦੇ ਵੀ ਕਰਦੇ, ਆਤਮ-ਹੱਤਿਆ ਏਥੇ,
'ਸਮੇਂ' ਨੂੰ ਕੀ ਪਰਵਾ ਕਿਸੇ ਦੀ, ਕੋਈ ਜਾਵੇ ਕੋਈ ਆਵੇ।

ਚੰਗਾ ਵੀ ਹੁੰਦਾ ਹੈ, ਜੇਕਰ ਬੱਚਾ ਜ਼ਿਦ ਕਰਦਾ ਹੈ,
ਇਹ ਹੀ ਪ੍ਰਤੀਕਰਮ ਹੈ, ਉਸ ਨੂੰ ਜੋ ਮਜ਼ਬੂਤ ਬਣਾਵੇ।

ਦਿਨ ਭਰ ਥੱਕੇ ਅੰਗ ਕਾਮੇ ਦੇ, ਰਊਂ ਰਊਂ ਨੇ ਕਰਦੇ,
ਪ੍ਰੀਤਮ! ਰਾਤ ਨੂੰ ਕਹਿ ਦੇ ਏਨਾ, ਇਹ ਕੋਈ ਲੋਰੀ ਗਾਵੇ।

↑ ਤਤਕਰਾ ↑

ਇਸ਼ਕ ਦੀ ਜਾਗੀਰ ਵੀ ਖ਼ਤਰੇ 'ਚ ਹੈ,
ਹੁਸਨ ਦੀ ਤਸਵੀਰ ਵੀ ਖ਼ਤਰੇ 'ਚ ਹੈ।

ਦੌਲਤਾਂ, ਹੁਸਨਾਂ ਤੇ ਇੱਛਾਵਾਂ 'ਚ ਆ,
ਧਰਮੀ ਦੀ ਤਾਸੀਰ ਵੀ ਖ਼ਤਰੇ 'ਚ ਹੈ।

ਭੜਕ ਉੱਠੀ ਹੈ ਬਗ਼ਾਵਤ ਇਸ ਤਰ੍ਹਾਂ,
ਲੋਹੇ ਦੀ ਜ਼ੰਜੀਰ ਵੀ ਖ਼ਤਰੇ 'ਚ ਹੈ।

ਦੇਖਣ ਵਾਲੇ ਦਾ, ਹੁਣ ਡਰ ਨਾ ਰਿਹਾ,
ਹੁਣ ਭੋਲੀ ਜ਼ਮੀਰ ਵੀ ਖ਼ਤਰੇ 'ਚ ਹੈ।

ਜੋਤਸ਼ੀਆਂ ਦੀ ਘਨੇੜੀ ਚੜ੍ਹ ਗਈ,
ਚੰਡੀ ਦੀ ਤਦਬੀਰ ਵੀ ਖ਼ਤਰੇ 'ਚ ਹੈ।

ਤਾਕਤਾਂ ਵੰਡਣ ਦੀ ਆਈ ਹੈ ਘੜੀ,
ਹਮ-ਵਤਨ, ਹਮ-ਸ਼ੀਰ ਵੀ ਖ਼ਤਰੇ 'ਚ ਹੈ।

ਖ਼ਤਰਾ, ਖ਼ਤਰਨਾਕ ਥਾਂ 'ਤੇ ਆ ਗਿਆ,
ਪ੍ਰੀਤਮ! ਇਸ ਦਾ ਤੀਰ ਵੀ ਖ਼ਤਰੇ 'ਚ ਹੈ।

↑ ਤਤਕਰਾ ↑

ਬੇਬਸੀ ਆਪਣੀ, ਕਦੀ ਇੰਜ ਵੀ ਛੁਪਾ ਲੈਂਦਾ ਹਾਂ ਮੈਂ,
ਘਰ ਨੂੰ ਥੁਹੜਾ ਹੋਰ ਵੀ ਸੁਹਣਾ ਬਣਾ ਲੈਂਦਾ ਹਾਂ ਮੈਂ।

ਘਰ ਦੀਆਂ ਕੰਧਾਂ ਜਦੋਂ ਵੀ ਹੋਰ ਖ਼ਸਤਾ ਹੁੰਦੀਆਂ,
ਪਰਦਿਆਂ ਦੇ ਉੱਤੇ ਪਰਦੇ ਹੋਰ ਪਾ ਲੈਂਦਾ ਹਾਂ ਮੈਂ।

ਫੁੱਲ ਜਦ ਤੋੜਾਂ, ਤਾਂ ਕੰਡੇ ਚੁੱਭ ਕੇ, ਇਹ ਪੁੱਛਦੇ,
ਰੋਜ਼ ਕਿਸ ਦੇ ਵਾਸਤੇ, ਘਰ ਨੂੰ ਸਜਾ ਲੈਂਦਾ ਹਾਂ ਮੈਂ?

ਦੇਖਣਾ! ਇਹ ਸੋਚ-ਉਡਾਰੀ ਤਾਂ ਮੇਰੀ ਦੇਖਣਾ!!
ਪਤਝੜਾਂ ਦੇ ਵਿਚ ਵੀ, ਗੁਲਸ਼ਨ ਖਿਲਾ ਲੈਂਦਾ ਹਾਂ ਮੈਂ।

ਜਦ ਵੀ ਕੋਈ ਪਿਆਰ ਦੇ ਦੋ ਬੋਲ ਹੱਸ ਕੇ ਬੋਲਿਆ,
ਇਕ ਨਵੇਂ ਅਹਿਸਾਸ ਵਿਚ, ਹੰਝੂ ਵਹਾ ਲੈਂਦਾ ਹਾਂ ਮੈਂ।

ਗੋਲ-ਗੱਲ ਕਰਕੇ, ਜਦੋਂ ਇਲਜ਼ਾਮ ਕੋਈ ਟਾਲਦੈ,
ਜਾਣਦੇ ਹੁੰਦਿਆਂ ਹੋਇਆਂ ਖ਼ੁਦ ਨੂੰ ਗਵਾ ਲੈਂਦਾ ਹਾਂ ਮੈਂ।

ਜਾਣਦਾ ਹਾਂ ਕਿ ਪ੍ਰੀਤਮ! ਫੁੱਟ ਕੇ ਰਹਿਣਾ ਹੈ ਇਹ,
ਲਾਵਾ ਜਿਹੜਾ ਦਿਲ ਦੇ ਅੰਦਰ ਹੀ ਦਬਾ ਲੈਂਦਾ ਹਾਂ ਮੈਂ।

↑ ਤਤਕਰਾ ↑

ਮੁਰਸ਼ਦ ਮਿਲੇ ਜਾਂ ਕੋਈ ਆਪਣਾ ਸਖ਼ਾ ਮਿਲੇ,
ਜਿਸ ਤੋਂ ਜੇ ਪੁੱਛ ਲਵਾਂ, ਤਾਂ ਆਪਣਾ ਪਤਾ ਮਿਲੇ।

"ਦੁਨੀਆਂ ਦੇ ਵਿਚ ਸਭ ਤੋਂ ਬਦਨਾਮ ਨਾਂ ਤੇਰਾ",
ਉਸ ਨੂੰ ਇਹ ਆਖ ਦੇਣਾ, ਜੇਕਰ ਖ਼ੁਦਾ ਮਿਲੇ।

ਹਰ ਇਕ ਵਿਚਾਰ ਅੰਦਰ, ਅੱਗ ਦੀ ਤਾਸੀਰ ਹੈ,
ਦੁਨੀਆਂ ਸਮੇਟ ਸਕਦੈ, ਜੇਕਰ ਹਵਾ ਮਿਲੇ।

ਖਾਵਾਂ - ਬਣਾਗਾ ਕੋਹੜੀ, ਛੱਡਾਂ - ਕਲੰਕ ਹੈ,
ਇੰਜ ਵੀ ਸਜ਼ਾ ਮਿਲੇ ਤੇ ਉਂਜ ਵੀ ਸਜ਼ਾ ਮਿਲੇ।

'ਲੱਗੀਆਂ ਨਿਭਾਵਣਾ' ਤਾਂ ਜੀਵਨ ਦੀ ਲੋੜ ਨਾ,
ਕੁਦਰਤ ਦੇ ਵਿਚ ਪ੍ਰੀਤਮ! ਕਿੱਥੇ ਵਫ਼ਾ ਮਿਲੇ!!

↑ ਤਤਕਰਾ ↑

ਨਿੱਖਰੇ ਆਸਮਾਨਾਂ 'ਤੇ, ਘਟਾਵਾਂ ਤਾਜ਼ੀਆਂ ਛਾਈਆਂ,
ਟਿਕੇ ਚਿੱਤ ਨੂੰ ਹਿਲਾ ਗਈਆਂ, ਤਲਾ ਵਿਚ ਕੰਕਰਾਂ ਆਈਆਂ।

ਹੁਸਨ ਦੀ ਨਾ ਖ਼ਤਾ ਕੋਈ, ਇਸ਼ਕ ਦੀ ਨਾ ਖ਼ਤਾ ਕੋਈ,
ਭਰੇ ਬਾਜ਼ਾਰ ਵਿਚ ਦੋਹਾਂ, ਸਜ਼ਾਵਾਂ ਫੇਰ ਵੀ ਪਾਈਆਂ।

ਨਾ ਏਥੇ 'ਕਲਪ' ਹੈ ਕੋਈ ਤੇ ਨਾ ਏਥੇ 'ਹੁਮਾ' ਕੋਈ,
ਮੇਰੇ ਵਰਗ ਵਿਚ, ਜਿੰਦਾਂ, ਮੁਸ਼ੱਕਤ ਨਾਲ ਟਕਰਾਈਆਂ।

ਜਦੋਂ ਦੀ ਰੌਸ਼ਨੀ ਕੋਈ, ਹਯਾਤੀ 'ਚੋਂ ਵਿਦਾ ਹੋਈ,
ਕਦੇ ਨੇ ਕੋਲ ਪਰਛਾਈਆਂ, ਕਦੇ ਨੇ ਕੋਲ ਤਨਹਾਈਆਂ।

ਮਜ਼ਾ ਕੁਝ ਹੋਰ ਹੀ ਹੁੰਦੈ, ਜੇ ਥੁਹੜੀ ਪਿਆਸ ਰਹਿ ਜਾਵੇ,
ਦਿਲਕਸ਼ ਹੁੰਦੀਆਂ ਅਕਸਰ, 'ਪ੍ਰੀਤਮ' ਰੂਹਾਂ ਤਰਿਹਾਈਆਂ।

↑ ਤਤਕਰਾ ↑

ਦੇਖ ਕੇ ‘ਦੂਸਰਾ’, ਤਸਵੀਰ ਦਾ ਪਾਸਾ ਏਥੇ,
ਕਰੇਗਾ ਕੀ ਕੋਈ ਦੁਨੀਆਂ ਦਾ ਭਰੋਸਾ ਏਥੇ!

ਕੀ ਤਅੱਜੁਬ ਕਿ ਜੇ ਈਮਾਨ ਡੋਲਦੇ ਫਿਰਦੇ?
ਏਸ ਧਰਤੀ ਦਾ ‘ਧੁਰਾ’ ਹੀ ਹੈ ਕੁਆਸਾ ਏਥੇ।

ਭਲਾ ਦੁਨੀਆਂ ਦਾ ਕੋਈ ਚਾਲ-ਚਲਣ ਕੀ ਜਾਣੇ?
ਕਿ ਆਦਮੀ ਹੀ ਨਹੀਂ ਆਪਣਾ ਖੁਲਾਸਾ ਏਥੇ।

ਪਿਆਸ ਮਿਟ ਜਾਣ ਦੀ ਕੀ ਆਸ ਲਗਾਉਣੀ ਪ੍ਰੀਤਮ!
ਹਰ ਸਮੁੰਦਰ ਹੀ ਰਿਹਾ ਹੈ ਜੇ ਪਿਆਸਾ ਏਥੇ।

↑ ਤਤਕਰਾ ↑

ਜ਼ਿੰਦਗੀ, ਬਸ ਦੋ ਤੇ ਦੋ ਮਿਲ ਕੇ ਜੋ ਹੁੰਦੇ ਚਾਰ, ਨਹੀਂ,
ਇਹ ਯਕੀਨਨ ਜਿੱਤ ਨਹੀਂ ਤੇ ਇਹ ਯਕੀਨਨ ਹਾਰ ਨਹੀਂ।

ਜ਼ਿੰਦਗੀ ਤੇ ਮੌਤ ਦੇ ਵਾਂਗੂੰ ਹੀ ਇਹ ਵਿਸ਼ਵਾਸ ਹੈ,
ਇਹ ਕਦੇ ਵੀ 'ਹੋਣ' ਜਾਂ 'ਨਾ-ਹੋਣ' ਦੇ ਵਿਚਕਾਰ ਨਹੀਂ।

ਰੁੱਖ ਨੂੰ ਆਖੋ ਕਿ ਹਰ ਇਕ ਸ਼ਾਖ਼ ਦੀ ਇੱਜ਼ਤ ਕਰੇ,
ਇਸ ਬਿਨਾ ਉਸ ਵਾਸਤੇ ਕੋਈ ਵੀ ਰੁੱਤ ਬਹਾਰ ਨਹੀਂ।

ਆਪਣੇ ਲਈ ਜ਼ਿੰਦਗੀ ਨੇ, ਬਹੁਤ ਮੱਲਾਂ ਮਾਰੀਆਂ,
ਮੌਤ ਦੀ ਨਗਰੀ 'ਚ ਇਸ ਦਾ ਫੇਰ ਵੀ ਸਤਿਕਾਰ ਨਹੀਂ।

ਰਾਖ਼ ਦੇ ਵਿਚ ਚਿੰਣਗ ਬਾਕੀ, ਨਾ ਹਵਾ ਦੇ ਏਸ ਨੂੰ,
ਕੀ ਪਤਾ, ਕੀ ਕਰ ਗੁਜ਼ਾਰੇ, ਏਸ ਦਾ ਇਤਬਾਰ ਨਹੀਂ!

ਆ 'ਪ੍ਰੀਤਮ'! ਫ਼ਲਸਫ਼ੇ ਨੂੰ, ਏਨਾ ਤੇ ਦੱਸ ਛੱਡੀਏ!
ਜ਼ਿੰਦਗੀ, ਖ਼ੁਸ਼ਹਾਲ ਜੇਕਰ ਆਰ ਨਹੀਂ ਤਾਂ ਪਾਰ ਨਹੀਂ।

↑ ਤਤਕਰਾ ↑

ਦੋ ਤੇ ਦੋ ਮਿਲ ਚਾਰ ਹੁੰਦੇ ਰਹਿਣਗੇ,
ਕੁਝ ਕੁ ਜਜ਼ਬੇ ਇਹ ਸਜ਼ਾ ਵੀ ਸਹਿਣਗੇ।

ਸੁੰਨਿਆਂ ਘਰਾਂ ‘ਚ ਰੌਣਕ ਹੋ ਸਕੇ,
ਕੁਝ ਕਬੂਤਰ ਆ ਕੇ ਓਥੇ ਬਹਿਣਗੇ।

ਹੱਥ ਦੀ ਮਿਹਨਤ ਸਜ਼ਾ ਬਣ ਜੀਏਗੀ,
ਮਰਹਬਾ! ਮੁੜ੍ਹਕੇ ਦੇ ਮੋਤੀ ਵਹਿਣਗੇ।

‘ਚੰਗੀ-ਚੋਖੀ’ ਮੰਗਕੇ ਹੀ ਜੇ ਖਾਓਗੇ,
ਕਿਸ ਤਰ੍ਹਾਂ ਕਰਜ਼ੇ ਸਿਰਾਂ ਤੋਂ ਲਹਿਣਗੇ!

ਭਾਵ ਸਾਡੇ, ਬੋਲਾਂ ਦੇ ਮੁਹਤਾਜ ਨਾ,
ਇਨ੍ਹਾਂ ਜੋ ਕਹਿਣਾ ਹੈ ਉਂਜ ਹੀ ਕਹਿਣਗੇ।

ਅਕਲ ਨੂੰ ਜਦ ਵੀ ਜਨੂੰਨ ਮਿਲ ਪਿਆ,
ਦੇਰ ਤਕ ਪ੍ਰੀਤਮ! ਇਹ ਦੋਵੇਂ ਖਹਿਣਗੇ।

↑ ਤਤਕਰਾ ↑

(ਇਕ ਅਫ਼ਗਾਨ ਵੱਲ ਦੇਖ ਕੇ)

ਮੈਂ ਪੱਥਰ ਹਾਂ, ਓ ਦੁਨੀਆਂ ਵਾਲਿਓ! ਤਰਾਸ਼ਣਾ ਮੈਨੂੰ,
ਤੇ ਫਿਰ ਸੀਨੇ 'ਚ ਧੜਕਣ ਵਾਸਤੇ ਜਾ ਰੱਖਣਾ ਮੈਨੂੰ।

ਦੁਨੀਆਂ ਵਾਸਤੇ ਜਾਬਰ ਹਾਂ, ਜਾਹਿਲ ਹਾਂ ਤੇ ਜ਼ਾਲਿਮ ਹਾਂ,
ਮਗਰ ਮੇਰੀ ਨਜ਼ਰ ਦੇ ਨਾਲ ਵੀ ਤਾਂ ਦੇਖਣਾ ਮੈਨੂੰ।

ਇਹ ਤਹਿਜ਼ੀਬ ਵਾਲੀ ਗੱਲ ਜ਼ਰਾ ਸਮਝਾ ਦਿਓ ਮੈਨੂੰ,
ਮੈਂ ਫਿਰ ਅੱਵਲ ਹੀ ਆਵਾਂਗਾ, ਕਦੇ ਵੀ ਪਰਖਣਾ ਮੈਨੂੰ।

ਮੇਰੀ ਜੁੱਰਤ ਨੇ ਹੁਣ ਤਾਈਂ, ਹਰ ਮੁਸ਼ਕਿਲ ਫ਼ਨਾਹ ਕੀਤੀ,
ਸੱਚ ਮੰਨਣਾ! ਕਿ ਔਖਾ ਲੱਗ ਰਿਹਾ ਹੈ ਬਦਲਣਾ ਮੈਨੂੰ।

ਸਤਾਇਆ ਹੋਇਆ ਹਾਂ ਮਜ਼੍ਹਬ ਤੇ ਦੁਨਿਆਵੀ ਤਰੱਕੀ ਦਾ,
ਐਵੇਂ ਤਾਂ ਨਹੀਂ ਇਹ ਆ ਗਿਆ ਹੈ ਭੜਕਣਾ ਮੈਨੂੰ।

ਸ਼ਰੀਅਤ ਦੀ ਗੁਫ਼ਾ ਵਿਚ ਬੈਠ ਕੇ ਹੈ ਲੋਚਿਆ ਉਸਨੂੰ,
ਜੋ ਉਮਰਾਂ ਤੋਂ ਵਡੇਰਾ ਹੈ, ਨਾ ਆਇਆ ਭਾਲਣਾ ਮੈਨੂੰ।

ਨਜ਼ਰ ਆਈ ਜੋ ਦੌਲਤ, ਔਰਤ, ਸ਼ੁਹਰਤ ਲੁੱਟਿਆ ਉਸਨੂੰ,
ਤਾਂ ਹੀ ਤਾਂ ਆ ਗਿਆ ਹੈ ਕਮਜ਼ੋਰੀ ਦਾ ਕੱਜਣਾ ਮੈਨੂੰ।

ਮੈਂ ਕਾਰੀਗਰੀ ਦੀ ਔਲਾਦ ਹਾਂ, ਉੱਡਾਂ ਜਾਂ ਨਾ ਉੱਡਾਂ,
ਪ੍ਰੀਤਮ! ਰੋਹ 'ਚ ਆ ਕੇ ਐਵੇਂ ਹੀ ਨਾ ਫੂੰਡਣਾ ਮੈਨੂੰ।

---

ਐ ਮੁਸੱਵਰ! ਯੂ. ਐਨ. ਓ. ਦੇ ਨਕਸ਼ ਬਦਲਾ ਦੇ,
ਏਥੇ ਘੁੱਗੀ ਦੀ ਜਗਹ ਇਕ ਝਪਟਦਾ ਬਾਜ਼ ਦਿਖਲਾ ਦੇ।

↑ ਤਤਕਰਾ ↑

ਮੈਂ ਵੱਡਾ ਜਾਂ ਛੋਟਾ ਅਕਸਰ ਹੁੰਦਾ ਹਾਂ,
ਆਪਣੇ ਲਈ ਹੀ ਕਦੋਂ ਬਰਾਬਰ ਹੁੰਦਾ ਹਾਂ!

ਜ਼ੁਲਮ ਓਦੋਂ ਹੀ ਜ਼ੁਲਮ ਦਿਖਾਈ ਦੇਂਦਾ ਹੈ,
ਜਦੋਂ ਜਦੋਂ ਕੁਦਰਤ ਤੋਂ ਨਾਬਰ ਹੁੰਦਾ ਹਾਂ।

ਨਾਟਕ ਕੋਈ ਲਿਖਦਾ ਅਤੇ ਖਿਡਾਉਂਦਾ ਹੈ,
ਮੈਂ ਤੇ ਬਸ ਇਕ ਉਸਦਾ ਪਾਤਰ ਹੁੰਦਾ ਹਾਂ।

ਇਕ ਤੂਫ਼ਾਨੀ ਘਟਣਾ ਜਦ ਘਟ ਚੁੱਕਦੀ ਹੈ,
ਓਸ ਵੇਲੇ, ਇਕ ਸ਼ਾਂਤ ਸਮੁੰਦਰ ਹੁੰਦਾ ਹਾਂ।

ਮੇਰਾ ਘਰ ਮੇਰੇ ਮਨ ਅੰਦਰ ਹੈ, 'ਪ੍ਰੀਤਮ'!
ਪਰ ਮੈਂ ਅਕਸਰ ਇਸ ਤੋਂ ਬਾਹਰ ਹੁੰਦਾ ਹਾਂ।

↑ ਤਤਕਰਾ ↑

ਬਦਲਦੇ ਮੌਸਮ ਦੇ ਸਾਏ, ਇਹ ਰਮਜ਼ ਸਮਝਾ ਰਹੇ,
ਫਿਰ ਕਿਸੇ ਵਹਿਸ਼ਤ ਦੇ ਖਰ੍ਹਵੇ ਹੱਥ ਵਧਦੇ ਆ ਰਹੇ।

ਸੁਰ ਸੁਰੀਲੇ ਵਾਲੀਏ ਕੋਇਲੇ! ਦਰਦ ਦਾ ਕੀ ਕਰਾਂ?
ਏਥੇ ਕਾਂ ਦੇ ਬੋਲ ਜਦ ਸ਼ੁਭ ਸ਼ਗਨ ਮੰਨੇ ਜਾ ਰਹੇ।

ਤੇਰੀ ਬੇਇਨਸਾਫ਼ੀ 'ਤੇ ਇਹ ਗਿਲਾ ਹੈ, ਐ ਖ਼ੁਦਾ!
ਤੂੰ ਤੇ ਹਰ ਥਾਂ 'ਤੇ ਰਵ੍ਹੇਂ ਪਰ ਮੇਰੇ ਲਈ ਘੇਰਾ ਰਹੇ।

ਉਹ ਹੁਕਮਰਾਂ ਚਾਹੀਦਾ ਹੈ ਖ਼ੁਸ਼ਹਾਲੀ ਦੇ ਵਾਸਤੇ,
ਮਹਿੰਦੀ ਬੀਜਣ ਵਾਸਤੇ ਕਹਿੰਦਾ ਰਹੇ, ਕਹਿੰਦਾ ਰਹੇ।

ਸ਼ਾਮ ਤੋਂ ਹੀ ਓਸ ਸੁਬਹ 'ਤੇ ਉਡੀਕਾਂ ਵਾਰੀਆਂ,
ਜਿਸਦੀ ਝੋਲੀ ਵਿਚ ਹਮੇਸ਼ਾ ਸ਼ਾਮ ਦਾ ਸਾਇਆ ਰਹੇ।

ਰੌਸ਼ਨੀ ਦੇ ਨਾਲ ਮੈਨੂੰ ਲੋੜ 'ਪ੍ਰੀਤਮ'! ਨਿੱਘ ਦੀ,
ਕੀ ਕਰਾਂ ਜੇ ਲੱਖ ਜੁਗਨੂੰ ਰਾਤ ਨੂੰ ਚਮਕਾ ਰਹੇ!

↑ ਤਤਕਰਾ ↑

ਬਸ ਜ਼ਖ਼ਮ ਹੀ ਨਾ ਹੁੰਦੇ, ਤਨ ਮਨ ਦੇ ਜਰਨ ਲਈ,
ਜਜ਼ਬਾਤ ਵੀ ਹੁੰਦੇ ਨੇ, ਹਟਕੋਰੇ ਭਰਨ ਲਈ।

ਬੇ-ਖ਼ੁਦੀ ਜਦੋਂ ਵਧ ਕੇ ਅਸਮਾਨ ਗਿਰਾ ਦੇਵੇ,
ਫਿਰ ਸੂਝ ਨਹੀਂ ਪੈਂਦੀ, ਜੀਵਣ ਜਾਂ ਮਰਨ ਲਈ।

ਔਹ ਦੇਖ! ਪਰੇ, ਓਧਰ, ਸੂਰਜ ਡੁੱਬ ਚੱਲਿਆ ਹੈ,
ਹੁਣ ਹੋਰ ਕਿਸੇ ਨ੍ਹੇਰੇ, ਅੰਬਰ ਨੂੰ ਤਰਨ ਲਈ।

ਆਵਾਜ਼ ਹੈ ਜੋ ਆਈ, ਜਾਣੀ ਪਹਿਚਾਣੀ ਹੈ,
ਜੰਗਲ ਹੈ ਤਾਂ ਕੀ ਹੋਇਆ! ਕੀ ਲੋੜ ਹੈ ਡਰਨ ਲਈ?

ਪ੍ਰੀਤਮ! ਤੂੰ ਕੀ ਜਾਣੇ!! ਇਕਰਾਰ ਵਫ਼ਾਵਾਂ ਦੇ,
ਟੁੱਟ ਜਾਣ, ਤਾਂ ਕਾਫ਼ੀ ਨੇ ਮਨ ਪਾਗਲ ਕਰਨ ਲਈ।

↑ ਤਤਕਰਾ ↑

ਸਭ ਦੀ ਆਖ਼ਰੀ ਮੰਜ਼ਿਲ ਨੇ ਬੇਸ਼ੱਕ ਲਾ-ਪਤਾ ਹੋਣਾ,
ਫਿਰ ਵੀ ਇਸ ਦੇ ਹਰ ਪਾਂਧੀ ਨੇ ਹੈ ਮੰਜ਼ਿਲ-ਸ਼ੁਦਾ ਹੋਣਾ।

ਜਿਨ੍ਹਾਂ ਰਾਹਾਂ 'ਤੇ ਚੱਲਣ ਦੇ ਲਈ ਮਜਬੂਰ ਹੋਣਾ ਹੈ,
ਤੁਰਨ ਤੋਂ ਪੇਸ਼ਗੀ, ਬਿਹਤਰ, ਉਨ੍ਹਾਂ ਬਾਰੇ ਪਤਾ ਹੋਣਾ।

ਕਿੱਕਰ ਬੀਜ ਕੇ, ਦਾਖਾਂ ਮਿਲਣ ਦੀ ਆਸ ਨਾ ਕਰਨਾ,
ਬੁਰਾ ਕੀਤੇ ਬੁਰਾ ਹੋਣਾ, ਭਲਾ ਕੀਤੇ ਭਲਾ ਹੋਣਾ।

ਕਿਸੇ ਪਰਬਤ ਦੇ ਮੀਂਹ ਵਾਂਗੂੰ ਵਤਨ ਵੱਲ ਫੇਰ ਜਾ ਪ੍ਰੀਤਮ!
ਕੋਈ 'ਦਰਿਆਂ ਦੇ ਕੰਢੇ ਰੁੱਖੜਾ' ਉਡੀਕਦਾ ਹੋਣਾ।

ਕੋਈ ਕੀ ਯਾਦ ਕਰਸੀ, ਓਸ ਥਾਂ! ਜਿੱਥੇ ਨਾ ਕੁਝ ਬਦਲੇ,
ਕਿਸੇ ਵੀ 'ਯਾਦ' ਖ਼ਾਤਿਰ, 'ਵਕਤ' ਨੂੰ ਪੈਂਦੈ ਫ਼ਿਦਾ ਹੋਣਾ।

ਅੱਜ ਦੀ ਦੌੜ ਵਿਚ ਬੰਦਾ 'ਸ਼ਿਕਾਰ' ਹੈ ਕਿ 'ਸ਼ਿਕਾਰੀ',
ਅਜਬ ਹਾਲਾਤ ਹੈ ਪ੍ਰੀਤਮ! ਕਿਸੇ ਤੋਂ ਕੀ ਬਚਾ ਹੋਣਾ।

↑ ਤਤਕਰਾ ↑

ਫਿਰ ਘਨੇੜੀ ਚਾੜ੍ਹ ਕੇ, ਜਜ਼ਬਾਤ ਕਿਧਰੇ ਲੈ ਗਏ,
ਜ਼ਿੰਦਗੀ ਨੂੰ ਜੋ ਮਿਲੇ, ਸਦਮਾਤ ਕਿਧਰੇ ਲੈ ਗਏ।

ਬੇ-ਖ਼ਿਆਲੀ ਵਿਚ ਕਿੰਨੇ ਫ਼ਾਸਲੇ ਤਹਿ ਹੋ ਗਏ,
ਬੇ-ਇਰਾਦਾ ਹੀ, ਮੇਰੇ ਹਾਲਾਤ ਕਿਧਰੇ ਲੈ ਗਏ।

ਬੱਦਲ, ਕਿਹੜੀ ਖਿੱਚ ਦੇ ਖਿੱਚੇ ਤੁਰੇ ਜਾਂਦੇ ਰਹੇ?
ਮਾਰੂਥਲ ਤੋਂ ਲੰਘ ਕੇ, ਬਰਸਾਤ ਕਿਧਰੇ ਲੈ ਗਏ।

ਦਰਦ-ਭਿੰਨੀ ਰਾਗਣੀ 'ਚ, ਓਸ ਨੇ ਜੋ ਛੂਹ ਲਏ,
ਸੁਣਦਿਆਂ ਹੀ, ਮੈਨੂੰ ਉਹ ਨਗ਼ਮਾਤ ਕਿਧਰੇ ਲੈ ਗਏ।

ਨੀਂਦ ਤੋਂ ਪਹਿਲਾਂ, ਉਣੀਂਦੇ ਕੁਝ ਪਲਾਂ ਦੀ ਗੋਦ 'ਚੋਂ,
ਸਭ ਨੂੰ ਆਪਣੇ ਆਪਣੇ, ਖ਼੍ਵਾਬਾਤ ਕਿਧਰੇ ਲੈ ਗਏ।

ਰੁੱਖ ਨੂੰ ਸਿੱਟ ਕੇ, ਇਕੱਲਾ ਰੁੱਖ ਹੀ ਨਹੀਂ ਮਾਰਿਆ,
ਤੇਜ਼-ਝੱਖੜ, ਉਸਦੀ ਹਰ ਸੌਗਾਤ ਕਿਧਰੇ ਲੈ ਗਏ।

ਮੋੜ ਨਾ ਸਕੀਆਂ ਕਦੀ ਸਦੀਆਂ ਪ੍ਰੀਤਮ! ਓਸ ਨੂੰ,
ਜਿਸ ਖ਼ੁਸ਼ੀ ਨੂੰ, ਅਣ-ਚਾਹੇ ਲਮਹਾਤ ਕਿਧਰੇ ਲੈ ਗਏ।

↑ ਤਤਕਰਾ ↑

ਕਿਰਣ ਬਣ ਕੇ ਜਦੋਂ ਮੈਂ ਪਾਰ-ਦਰਸ਼ੀ ‘ਚੋਂ ਗੁਜ਼ਰ ਜਾਵਾਂ,
ਦਿਖਾਵਾਂ ਰੰਗ ਆਪਣੇ ਮੈਂ ਤੇ ਦਿਖਲਾ ਕੇ ਬਿਖਰ ਜਾਵਾਂ।

ਮਰਨਾ ਹੀ ਹੈ ਜੇ ਤਾਂ ਇਸ ਤਰ੍ਹਾਂ ਦੇ ਨਾਲ ਮਰ ਜਾਵਾਂ,
ਬਣਾ ਖ਼ੁਸ਼ਬੋ ਤੇ ਖਿੰਡਰ ਕੇ ਚੌਗਿਰਦੇ ਨੂੰ ਭਰ ਜਾਵਾਂ।

ਇਹ ਜੋ ਰਾਹ ‘ਚ ਬੈਠੇ ਨੇ, ਇਨ੍ਹਾਂ ਨੇ ਹੋਰ ਕੀ ਕਰਨਾ?
ਮੈਂ ਸਾਰੇ ਰਾਹ ਸਜਾਉਣੇ ਨੇ, ਕਿਵੇਂ ਏਥੇ ਠਹਿਰ ਜਾਵਾਂ!

ਜਦੋਂ ਬੱਦਲ ਬਣਾਂ ਤਾਂ ਉੱਡਾਂ ਇਹ ਹੀ ਆਰਜ਼ੂ ਲੈ ਕੇ,
ਯਕੀਨਨ ਮੌਤ ਵੀ ਹੋਵੇ ਤਾਂ ਮਾਰੂਥਲ ‘ਚ ਵਰ੍ਹ ਜਾਵਾਂ।

ਪ੍ਰੀਤਮ! ਹਰ ਕੋਈ ਹੀ ਸੋਚਦਾ ਹੈ, ਮਰਨ ਤੋਂ ਪਹਿਲਾਂ,
ਮੈਂ ਏਥੇ ਇਹ ਵੀ ਕਰ ਜਾਵਾਂ ਤੇ ਏਥੇ ਔਹ ਵੀ ਕਰ ਜਾਵਾਂ।

↑ ਤਤਕਰਾ ↑

ਅੱਜ ਆਪਣੇ ਆਪ ਨੂੰ ਹੀ, ਮੇਰਾ ਸਵਾਲ ਹੈ,
ਕਿ ਇਕ ਜਵਾਬ ਨੂੰ ਵੀ ਆਪਣੀ ਹੀ ਭਾਲ ਹੈ।

ਜਿਸ ਚੈਨ ਦੇ ਲਈ, ਤੂੰ ਫਿਰਦਾ ਹੈਂ ਭਟਕਦਾ,
ਤੇਰੇ ਜਨਮ ਤੋਂ ਲੈ ਕੇ, ਤੇਰੇ ਹੀ ਨਾਲ ਹੈ।

ਚਿਹਰੇ ਤੋਂ ਦਾਗ਼ ਲਾਹਵਾਂ, ਸ਼ੀਸ਼ਾ ਖਰੋਚ ਕੇ,
ਬਾ-ਖ਼ਬਰ ਹੀ ਨਹੀਂ ਹਾਂ, ਮੇਰਾ ਇਹ ਹਾਲ ਹੈ।

ਇਕ ਉਮਰ ਬੀਤ ਜਾਵੇ, ਪਰਤਾਂ ਉਤਾਰਦੇ,
ਕਿ ਸਵਾਲ ਦਾ ਜਵਾਬ ਵੀ ਏਥੇ ਸਵਾਲ ਹੈ।

ਪਰਛਾਵਿਆਂ ਦੇ ਨਾਲ ਸਹਿਮਤ ਨਾ ਹੋ ਸਕਾਂ,
ਪਰਛਾਵਿਆਂ ਦਾ ਆਪਣਾ ਵੱਖਰਾ ਖ਼ਿਆਲ ਹੈ।

'ਪੁੰਨ-ਪਾਪ' ਸਿਰਜ ਦੇਣਾ, ਸੁਧਾਰ ਵਾਸਤੇ,
ਕੁਝ ਦਾਨਿਆਂ ਦੀ, ਖੇਡੀ ਬਾਜ਼ੀ ਦੀ ਚਾਲ ਹੈ।

ਸਚਖੰਡ ਤੇ ਸੁਰਗ ਦਾ ਪ੍ਰੀਤਮ! ਇਹ ਫ਼ਰਕ ਹੈ,
ਪਹਿਲਾ ਜਮਾਲ ਹੈ ਤੇ ਦੂਜਾ ਕਮਾਲ ਹੈ।

↑ ਤਤਕਰਾ ↑

ਮੈਂ ਆਪਣੇ ਲਈ ਇਕ ਖ਼ੁਸ਼ੀ ਮੰਗਦਾ ਹਾਂ,
ਤੇਰੇ ਤੋਂ ਤੇਰੀ ਦੋਸਤੀ ਮੰਗਦਾ ਹਾਂ।

ਤੂੰ ਲਾਰੇ 'ਤੇ ਬਹਿ ਕੇ ਫੇਰੀ ਜਾ ਮਾਲਾ,
ਮੈਂ ਜੰਨਤ ਸਦਾ ਪੇਸ਼ਗੀ ਮੰਗਦਾ ਹਾਂ।

ਕਿ ਦੁਨੀਆਂ ਨਾ ਮੇਰਾ ਸੁਖ ਚੈਨ ਖੋਹਵੇ,
ਸੋ ਦੁਨੀਆਂ ਦੀ ਵੀ ਬਿਹਤਰੀ ਮੰਗਦਾ ਹਾਂ।

ਮੈਂ ਜਿਧਰ ਨੂੰ ਮੋੜਾਂ, ਓਧਰ ਨੂੰ ਜਾਵੇ,
ਬਸ! ਏਹੋ ਜਿਹੀ ਜ਼ਿੰਦਗੀ ਮੰਗਦਾ ਹਾਂ।

ਬਹੁਤੇ ਨਾ ਕੱਢ ਇਕ ਗੱਲ ਦੇ ਮਾਅਨੇ,
ਮੈਂ ਲਫ਼ਜ਼ਾਂ ਦੀ ਪਾਕੀਜ਼ਗੀ ਮੰਗਦਾ ਹਾਂ।

ਮੰਨਿਆਂ ਕਿ ਮੰਗਣਾ ਹੈ ਜੀਵਨ ਦੀ ਫ਼ਿਤਰਤ,
ਬਸ ਇਹ ਬਦਲ ਜਾਵੇ, ਇਹੀ ਮੰਗਦਾ ਹਾਂ।

↑ ਤਤਕਰਾ ↑

ਇੰਜ ਆਪਣੀ ਤਬੀਅਤ ਹੈ, ਜੀਵਨ ਦੇ ਦਬਾ ਅੰਦਰ,
ਪੰਛੀ ਪਰਤੋਲਦਾ ਹੈ, ਪਿੰਜਰੇ ਦੀ ਫ਼ਿਜ਼ਾ ਅੰਦਰ।

'ਜੀਵਨ ਦਾ ਵੱਲ' ਪ੍ਰੀਤਮ! ਮੋਰਾਂ ਤੋਂ ਸਿੱਖ ਲੈਣਾ,
ਖ਼ੁਸ਼ੀਆਂ ਲੱਭ ਲੈਂਦੇ ਨੇ, ਘਨਘੋਰ ਘਟਾ ਅੰਦਰ।

"ਜ਼ਾਲਿਮ ਦਾ ਭਲਾ ਹੋਵੇ", ਮੈਂ ਆਖ ਨਹੀਂ ਸਕਦਾ,
ਹੈ ਪੰਧ ਜ਼ਮੀਰਾਂ ਦਾ, ਮੇਰੇ ਤੇ ਦੁਆ ਅੰਦਰ।

ਜੇ ਸਭ ਦਾ ਭਲਾ ਹੋਵੇ, ਜ਼ਾਲਿਮ ਨਾ ਬਣੇ ਕੋਈ,
ਹੁੰਦੀ ਹੈ ਕਸਰ ਕਿਧਰੇ, ਵੱਖਰੇ ਵਰਤਾ ਅੰਦਰ!

ਬੁਨਿਆਦ ਹੈ ਜੀਵਨ ਦੀ, ਬੁਨਿਆਦ ਤੂਫ਼ਾਨਾਂ ਦੀ,
ਕਿੰਨਾ ਹੈ ਫ਼ਰਕ ਲੇਕਿਨ, ਹਵਾ ਹਵਾ ਅੰਦਰ।

ਕਤਰੇ ਦੇ ਮੋਢੇ ਤੇ, ਨੀਂਹ ਬਣੇ ਸਮੁੰਦਰ ਦੀ,
ਐਸਾ ਹੀ ਰਿਸ਼ਤਾ ਹੈ, ਆਦਮ ਤੇ ਖ਼ੁਦਾ ਅੰਦਰ।

ਡਰ ਕਿੰਨਾ ਸੌਖਾ ਹੀ, ਮਨ ਵਿਚ ਆ ਜਾਂਦਾ ਹੈ,
ਕਿ ਹਵਾ ਦਾ ਇਕ ਝੋਕਾ, ਹੈ ਜਿਵੇਂ ਤਲਾ ਅੰਦਰ।

ਇਹ ਸਮਾਂ ਹੈ, ਐ ਪ੍ਰੀਤਮ! ਇੰਜ ਵਰਗਾ ਨਾ ਹੁੰਦਾ,
ਨਾ ਹੀ ਕਿਸੇ ਧਰਤੀ 'ਤੇ ਨਾ ਕਿਸੇ ਖਲਾਅ ਅੰਦਰ।

↑ ਤਤਕਰਾ ↑

ਨਾ ਛੁਪਾ ਸਕਿਆ ਇਹ ਚਿਹਰਾ, ਸਾਫ਼ ਸੁੱਚੇ ਦਿਲ ਦੀ ਗੱਲ,
ਜੋ ਅਚਾਨਕ ਆ ਗਈ ਹੈ ਸਾਹਮਣੇ, ਉਸ ਗੱਲ ਦੀ ਗੱਲ।

ਇਹ ਗ਼ਰੀਬੀ ਹੈ, ਇਹਦੇ ਪੈਰਾਂ 'ਚ ਸਿਰਫ਼ ਰਾਹ ਨੇ,
ਨਾ ਕਰੋ ਵਿਸ਼ਰਾਮ ਦੀ, ਆਰਾਮ ਦੀ, ਮੰਜ਼ਿਲ ਦੀ ਗੱਲ।

ਇਹ ਮਿੱਟੀ ਜ਼ਰਖ਼ੇਜ਼[1], ਇਹਨੂੰ 'ਕਾਮੇ', 'ਰਾਖੇ' ਚਾਹੀਦੇ,
ਏਸ ਥਾਂ ਨਾ ਕਦਰ ਪਾਵੇ, ਤਾਲ ਦੀ, ਪਾਇਲ ਦੀ ਗੱਲ।

ਸੋਚਦਾ ਹਾਂ ਕਿ ਬਣੇਗਾ, ਇਕ ਅਜਾਇਬ-ਘਰ ਕਦੇ[2],
ਹੋਵੇਗੀ ਓਸੇ ਜਗਹ ਬਸ, ਹੋਣ ਨੂੰ ਜਾਹਿਲ ਦੀ ਗੱਲ।

ਦੋਸਤਾਂ ਨੇ ਜਦ ਭਰੇ ਦਰਿਆ 'ਚ ਧੱਕਾ ਮਾਰਿਆ,
ਸੋਚਦਾ ਜਾਂਦਾ ਸੀ ਬੇ-ਦਿਲ, ਬੇ-ਰਹਿਮ ਸਾਹਿਲ ਦੀ ਗੱਲ।

ਜਦ ਕਦੇ ਇਕੱਲਤਾ ਨੇ ਆਣ ਮੈਨੂੰ ਘੇਰਿਆ,
ਆ ਗਈ ਹੈ ਯਾਦ ਪ੍ਰੀਤਮ! ਤਦ ਤੇਰੀ ਮਹਫ਼ਿਲ ਦੀ ਗੱਲ।

---

1. ਪੰਜਾਬ ਵਰਗੀ 2. ਜਦੋਂ ਜਹਾਲਤ ਖ਼ਤਮ ਹੋ ਜਾਵੇਗੀ

↑ ਤਤਕਰਾ ↑

ਨਾਗਮਣੀ ਦੀ ਭਾਲ 'ਚ ਤੁਰਿਆ, ਪਰ ਉਹ ਹੱਥ ਨਾ ਆਈ,
ਜ਼ਹਿਰੀਲੇ ਡੰਗਾਂ ਦੀ ਏਥੇ, ਉਹ ਹੀ ਇਕ ਦਵਾਈ।

ਸੇਬ ਖਾਣ ਨੂੰ ਆਖ ਰਹੀ ਏਂ? ਨਾ ਬਈ! ਹੁਣ ਨਹੀਂ ਖਾਣਾ,
ਇਕ ਵਾਰੀ ਤਾਂ ਛੱਡ ਆਇਆ ਹਾਂ ਤੇਰੇ ਕਹੇ ਖ਼ੁਦਾਈ।

ਸੁਰਗ ਨੂੰ ਜਾਂਦਾ ਬੱਕਰਾ ਬੋਲੇ, " ਮੈਂ ਜਿੱਥੇ ਚੱਲਿਆ ਹਾਂ,
ਆ ਕੇ ਜ਼ਰਾ ਦਿਖਾਵਣ ਓਥੇ! ਸ਼ਰੀਅਤ ਅਤੇ ਕਸਾਈ"।

ਜਦ 'ਸਿਰ-ਧੜ ਦੀ ਬਾਜ਼ੀ' ਤਾਈਂ ਗੱਲ ਆਣ ਕੇ ਪਹੁੰਚੀ,
ਨੀਤੀਵਾਨਾਂ ਦਾਅ ਦੇ ਉੱਤੇ, ਲਾਈ ਜਾਨ ਪਰਾਈ।

ਕਦੇ ਤਾਂ ਏਥੇ 'ਦਾਦੇ' ਦੀਆਂ, ਕਦੇ ਨੇ 'ਪੋਤੇ' ਦੀਆਂ,
ਹੱਲਾ ਮਾਰ 'ਅਹਲਿਆ' ਹਿੱਲੀ, 'ਇੰਦਰ-ਪੁਰੀ' ਹਿਲਾਈ।

'ਪ੍ਰੀਤਮ' ਜੇਹਾ ਬੇ-ਗ਼ਮ ਬੰਦਾ, ਦੁਨੀਆਂ 'ਤੇ ਨਾ ਹੋਣਾ,
ਇਸ ਨੇ 'ਰਾਜ਼' ਵੀ ਬਣਨ ਨਾ ਦਿੱਤੀ, ਏਨੀ ਗੱਲ ਛੁਪਾਈ।

↑ ਤਤਕਰਾ ↑

ਜ਼ਿੰਦਗੀ ਸਾਰੀ ਸੁਵਾਰ ਨਾ ਹੋਵੇ,
ਹਰ ਸੁਪਨਾ, ਸਾਕਾਰ ਨਾ ਹੋਵੇ।

ਇੱਛਾ ਵਿਚ ਵੀ ਤਾਂ ਜਹਾਨ ਵਸੇ,
ਪਰ ਇਸ ਦਾ ਆਕਾਰ ਨਾ ਹੋਵੇ।

ਕੁਝ ਕੁ ਦਿਨ ਹੀ ਨੇ ਜਵਾਨੀ ਦੇ,
ਹਰ ਸਮੇਂ ਹੀ, ਬਹਾਰ ਨਾ ਹੋਵੇ।

ਤੈਨੂੰ ਤੇਰੇ ਤੋਂ ਚੋਰੀ ਦੇਖ ਰਿਹਾਂ,
ਤੂੰ ਕਿਤੇ ਸ਼ਰਮਸਾਰ ਨਾ ਹੋਵੇ।

ਕਦੋਂ ਟਿਕ ਸਕੇ ਹਵਾ 'ਪ੍ਰੀਤਮ'!
ਕਿਹੜਾ ਦਿਲ ਬੇਕਰਾਰ ਨਾ ਹੋਵੇ!!

↑ ਤਤਕਰਾ ↑

## ਕੁਝ ਹੋਰ ਸ਼ੇਅਰ

ਜ਼ਿੰਦਗੀ ਜੀਣ ਦੀ ਤਕਲੀਫ਼ ਉਠਾਈ ਰੱਖਣਾ,
ਦੁਖ ਰਹੀ ਨਾੜ ਨੂੰ ਹੱਥਾਂ 'ਚ ਦਬਾਈ ਰੱਖਣਾ।

ਪਾਣੀ ਇਕ ਜੈਸੇ, ਅਸਲ ਨਹੀਂ ਹੁੰਦੇ,
ਸਾਗਰਾਂ ਵਿਚ ਕੰਵਲ ਨਹੀਂ ਹੁੰਦੇ।

ਜੜ੍ਹ ਬਣਨ ਦੀ ਜੇ ਤਾਸੀਰ ਨਹੀਂ,
ਤਾਂ ਉਹ ਫਲ ਵੀ ਫਲ ਨਹੀਂ ਹੁੰਦੇ।

ਘਰ-ਗ੍ਰਹਿਸਤੀ ਜੇ ਧੰਧ ਨਾ ਹੋਵੇ,
ਤਾਂ ਫਿਰ ਇਸ ਵਿਚ ਬਹੁਤ ਮਜ਼ਾ ਹੈ।

ਹੰਝੂਆਂ ਨੇ ਉਹ ਨਜ਼ਾਰਾ ਡੱਕਿਆ,
ਤੁਰਨ ਵਾਲੇ ਨੂੰ ਨਾ ਰੱਜ ਕੇ ਤੱਕਿਆ।

ਹਾਂ, ਮਿਲਣ ਇਕ ਆਰਜ਼ੂ ਦੀ ਮੌਤ ਹੈ,
ਖ਼ੁਸ਼ੀਆਂ ਨੇ, ਜਿੱਥੇ ਇਹ ਭਾਣਾ ਵਰਤਿਆ।

ਸਮੇਂ ਦੀਆਂ ਬਾਰੀਕੀਆਂ, ਪਲਾਂ ਦੀਆਂ ਹਕੀਕਤਾਂ,
ਸਦੀ ਹੈ ਨਾਮ ਓਸ ਦਾ, ਜੋ ਇਨ੍ਹਾਂ ਨੂੰ ਖਾ ਗਈ।

ਨਕਸ਼ ਘਰ ਦੇ ਬਣ ਗਏ ਆਦਮੀ ਦੇ ਸਾਹਮਣੇ,
ਦੇਖੇ ਸੀ ਜਦ ਓਸ ਨੇ, ਖੁੱਡਾਂ, ਘੁਰਨੇ, ਆਹਲਣੇ।

ਆਪਣਾ ਆਪਣਾ ਘਰ ਵਸਾਇਆ ਸਾਰੇ ਜੀਵਾਂ ਜੰਤੂਆਂ,
ਇਹ ਨਹੀਂ ਕਿ ਇਸ ਤਰ੍ਹਾਂ, ਬਸ ਆਦਮੀ ਨੇ ਸੋਚਿਆ।

ਇਹ ਇਕੱਠ ਹੈ 'ਖ਼ੁਸ਼ੀ' ਦਾ ਉਹ ਹੈ 'ਮਜਬੂਰੀ' ਲਈ,
ਇਸ ਦਾ ਨਾਂ 'ਬਾਰਾਤ' ਹੈ ਤੇ ਓਸ ਦਾ ਨਾਂ 'ਕਾਫ਼ਲਾ''।

↑ ਤਤਕਰਾ ↑

ਨਾ, ਐਸੇ ਇਤਹਾਸ ਦਾ ਕਰ ਜਾਪ ਨਾ,
ਜਿਸ ਦੇ ਸਫ਼ਿਆਂ ਦੇ ਉੱਤੇ, ਤੂੰ ਆਪ ਨਾ।

ਤਸੱਵਰ ਪ੍ਰੀਤਮ ਦਾ ਆਨੰਦਤ ਕਰ ਜਾਂਦੈ,
ਪਿੱਛੇ ਰਹਿ ਜਾਂਦੀ ਹੈ ਜਦ ਮੰਜ਼ਿਲ 'ਬਿਰਹਾ' ਦੀ।

ਮੇਰੀ ਮੰਜ਼ਿਲ ਨਾਲ ਨਾ ਲੱਗੇ ਜਿਨ੍ਹਾਂ ਦਾ ਵਾਸਤਾ,
ਮੈਂ ਇਨ੍ਹਾਂ ਆਵਾਗਵਣ ਦੇ ਰਸਤਿਆਂ ਨੂੰ ਕੀ ਕਰਾਂ।

ਹੈ ਉਮਰ ਇਸ ਜਹਾਨ ਦੀ ਉਂਜ ਸੈਂਕੜੇ ਵਰ੍ਹੇ,
ਕਹਿੰਦਾ ਹੈ ਆਪਣੇ ਆਪ ਨੂੰ ਹੋਇਆ ਹੈ ਬੀਸ ਦਾ।

ਕਈ ਜਗਦੇ ਤੇ ਬੁਝ ਜਾਂਦੇ, ਕਈ ਥੱਕਦੇ ਤੇ ਟੁੱਟ ਜਾਂਦੇ,
ਸਵੇਰਾ ਹੋਣ ਤਕ, ਤਾਰੇ ਵੀ ਸਾਰੇ ਕਿੱਥੇ ਰਹਿੰਦੇ ਨੇ!

ਜਿਸ ਨੂੰ, ਦੁਨੀਆਂ ਨੂੰ ਖ਼ੁਸ਼ ਦੇਖਣ ਦਾ ਚਾਅ,
ਭੋਛਣ ਰੀਝਾਂ ਦਾ, ਉਸ ਕੋਲੋਂ ਰੰਗਵਾ।

ਆਪਣੇ ਘਰ ਦੀ ਇਕ ਗੱਲ ਪ੍ਰੀਤਮ! ਹਾਲੇ ਤਕ ਵੀ ਨਾ ਭੁੱਲੀ,
ਅੱਜ ਕਲ ਪੱਕੀ ਫ਼ਸਲ ਨੂੰ ਵੱਢ ਕੇ, ਨਵੀਂ ਨੂੰ ਬੋਇਆ ਜਾਏਗਾ।

ਮਿਥਿਆਵਾਂ ਨੇ ਵੀ ਹੈ ਧਰਵਾਸ ਦਿੱਤੀ,
ਇਨ੍ਹਾਂ ਦੇ, ਤਾਂ ਹੀ ਤਾਂ ਬਣੇ ਲੋਕ ਗੋਲੇ।

↑ ਤਤਕਰਾ ↑

# ਅੰਤਿਕਾ

↑ ਤਤਕਰਾ ↑

ਕੁਝ ਸਸਤਾਉਣ ਲਈ, ਸ਼ਾਇਦ ਤੁਸੀਂ ਛਾਂਵੇਂ ਆ ਬੈਠੇ ਸੀ,
ਰੁੱਖ ਦਾ ਫ਼ਲਸਫ਼ਾ ਲੇਕਿਨ, ਤੁਹਾਨੂੰ ਦਿਲਚਸਪ ਲੱਗਾ।

## ਅੱਧਾ-ਕਵੀ

ਦੋਸਤੋ! ਮੈ ਤਾਂ ਰਿਹਾ ਅੱਧਾ-ਕਵੀ,
ਕਿਉਂਕਿ ਮੈਨੂੰ ਅੱਧੀ ਦੁਨੀਆਂ ਨਾ ਦਿਸੀ।

ਮੈਂ ਤੇ ਬਸ ਆਪਣਾ ਚੌਗਿਰਦਾ ਦੇਖਿਆ,
ਓਸੇ ਹੀ ਅੱਖ ਨਾਲ, ਹਰ ਥਾਂ ਭਾਂਪਿਆ।

ਮੈਂ ਤੇ ਦੇਖੇ ਹੱਕ ਪਰਾਇਆ ਮਾਰਦੇ,
ਬਣਦੇ ਤੋਂ ਵੀ ਵੱਧ ਦਿੰਦੇ, ਨਾ ਦਿਸੇ।

ਮੈਂ ਤੇ ਗੰਨਾ ਪੀੜ ਹੁੰਦਾ ਦੇਖਿਆ,
ਰਸ ਪੀ ਕੇ ਅਨੰਦ ਸੀ ਜੋ ਲੈ ਰਿਹਾ,
ਮੇਰੀਆਂ ਨਜ਼ਰਾਂ ਤੋਂ ਉਹ ਓਝਲ ਰਿਹਾ।

ਦੋਸਤੋ! ਮੈ ਤਾਂ ਰਿਹਾ ਅੱਧਾ-ਕਵੀ,
ਕਿਉਂਕਿ ਮੈਨੂੰ ਅੱਧੀ ਦੁਨੀਆਂ ਨਾ ਦਿਸੀ।

ਮੈਂ ਹੁਸਨ ਦੀ ਕਦਰ ਲਿਖ ਸਕਿਆ ਨਹੀਂ,
ਇਸ਼ਕ ਦੇ ਸੋਹਿਲੇ ਵੀ ਗਾ ਸਕਿਆ ਨਹੀਂ,

ਹੁਸਨ ਦੇ ਨਖ਼ਰੇ ਉਠਾ ਸਕਿਆ ਨਹੀਂ,
ਰੁੱਸੇ ਹੋਏ ਨੂੰ ਮਨਾ ਸਕਿਆ ਨਹੀਂ।

ਕੀ ਮਜ਼ਾ ਹੈ ਰੁੱਸਣ ਤੇ ਮੰਨ ਜਾਣ ਦਾ,
ਮੇਰਾ ਦਿਲ ਹਰਗਿਜ਼ ਨਹੀਂ ਪਹਿਚਾਣਦਾ।

ਦੋਸਤੋ! ਮੈ ਤਾਂ ਰਿਹਾ ਅੱਧਾ-ਕਵੀ,
ਕਿਉਂਕਿ ਮੈਨੂੰ ਅੱਧੀ ਦੁਨੀਆਂ ਨਾ ਦਿਸੀ।

↑ ਤਤਕਰਾ ↑

ਹੱਥ ਦੀ ਮਿਹਨਤ ਦੀ ਗੱਲ ਕਰਦਾ ਰਿਹਾ,
ਪਰ ਨਾ ਕੀਤੀ ਸੁਹਜ ਦੀ, ਸ਼ਿੰਗਾਰ ਦੀ,

ਕਿਸ ਤਰ੍ਹਾਂ ਹੈ ਪੈਰਾਂ ਉੱਤੇ ਸੋਭਦੀ,
ਨਾ ਝਾਂਜਰ, ਨਾ ਜੁੱਤੀ-ਤਿੱਲੇਦਾਰ ਦੀ।

ਖੱਚਰ ਤੇ ਹੁੰਦਾ ਜ਼ੁਲਮ ਵਿੰਹਦਾ ਰਿਹਾ,
ਉਸ ਦੇ ਉੱਤੇ ਬੈਠੇ ਲਈ ਨਹੀਂ ਸੋਚਿਆ।

ਕੋਈ ਜੇਕਰ ਖਿੜਖਿੜਾ ਕੇ ਹੱਸ ਪਿਆ,
ਤਾਂ ਹਾਸੇ ਦਾ ਮਤਲਬ ਹੀ ਲੱਭਦਾ ਰਿਹਾ।

ਖਾਣ ਦੇ ਲਈ ਜਦ ਕਦੀ ਅੰਬ ਮਿਲ ਗਿਆ,
ਇੱਕ-ਚਿੱਤ ਹੋ ਕੇ ਉਸ ਦਾ ਰਸ ਮਾਨਣ ਦੀ ਥਾਂ,
ਮੈਂ ਅੰਬਾਂ ਦੇ ਰੁੱਖ ਗਿਣਨ ਲਈ ਤੁਰ ਪਿਆ।

ਦੋਸਤੋ! ਮੈ ਤਾਂ ਰਿਹਾ ਅੱਧਾ-ਕਵੀ,
ਕਿਉਂਕਿ ਮੈਨੂੰ ਅੱਧੀ ਦੁਨੀਆਂ ਨਾ ਦਿਸੀ।

ਮੈਂ ਗ਼ਰੀਬੀ ਦੀ ਹੀ ਗੱਲ ਕਰਦਾ ਰਿਹਾ,
ਪਰ ਕਈ ਰੂਹਾਂ ਬਹੁਤ ਧਨਵਾਨ ਨੇ।

ਤਿੜਕਦੇ ਜਿਸਮਾਂ ਦੀ ਗੱਲ ਵੀ ਠੀਕ ਪਰ,
ਕੁਝ ਇਰਾਦੇ ਬਹੁਤ ਹੀ ਬਲਵਾਨ ਨੇ।

ਮੇਰੀਆਂ ਲਿਖਤਾਂ ਨੇ ਅਕਸਰ ਦੇਖਿਆ,
ਸੁਖ ਹੀ ਸੁਖ ਇਹਨਾਂ ‘ਤੇ ਭਾਰੂ ਹੋ ਗਏ,

ਸੁਖ ਕਈ, ਕਾਰਣ ਬਣੇ ਨੇ ਰੋਗ ਦਾ,
ਦੁੱਖ ਕਈ, ਰੋਗਾਂ ਦਾ ਦਾਰੂ ਹੋ ਗਏ।

ਦੋਸਤੋ! ਮੈ ਤਾਂ ਰਿਹਾ ਅੱਧਾ-ਕਵੀ,
ਕਿਉਂਕਿ ਮੈਨੂੰ ਅੱਧੀ ਦੁਨੀਆਂ ਨਾ ਦਿਸੀ।

↑ ਤਤਕਰਾ ↑

ਹਰ ਵਜਹ ਦੀ ਵਜਹ ਨੂੰ ਵੀ ਖੋਜਿਆ,
'ਲੋਕ-ਵਿਸ਼ਵਾਸਾਂ' ਦੀ ਗੱਲ ਕੀਤੀ ਨਹੀਂ।

ਭੇਦ ਲੱਭਣ, ਨ੍ਹੇਰਿਆ ਵੱਲ ਤੁਰ ਪਿਆ,
'ਅੰਧ-ਵਿਸ਼ਵਾਸਾਂ' ਦੀ ਗੱਲ ਕੀਤੀ ਨਹੀਂ।

ਮੇਰੀ ਉਤਸੁਕਤਾ ਦਾ ਘੇਰਾ ਹੈ ਵਿਸ਼ਾਲ,
ਸੋਚ ਮੇਰੀ ਨੂੰ 'ਜਵਾਬਾਂ' ਦੀ ਕਮੀਂ।

ਦੋਸਤੋ! ਮੈ ਤਾਂ ਰਿਹਾ ਅੱਧਾ-ਕਵੀ,
ਕਿਉਂਕਿ ਮੈਨੂੰ ਅੱਧੀ ਦੁਨੀਆਂ ਨਾ ਦਿਸੀ।

ਢਾਬੇ 'ਤੇ ਕੰਮ ਕਰਨ ਵਾਲੇ ਵਾਂਗ ਹਾਂ,
ਬਖ਼ਸ਼ੀਸ਼ਾਂ ਵੀ ਮੈਂ ਦੇ ਸਕਿਆਂ ਨਹੀਂ।

ਕਾਂਵਾਂ ਦੇ ਆਖੇ ਨਾ ਢੱਗੇ ਮਰ ਸਕਣ,
ਬਦ-ਅਸੀਸਾਂ ਵੀ ਮੈਂ ਦੇ ਸਕਿਆ ਨਹੀਂ।

ਜੇ ਕੋਈ ਮਜਬੂਰ, ਛੱਡ ਕੇ ਤੁਰ ਗਿਆ,
ਮੇਰੇ ਹੋਠਾਂ 'ਤੇ ਨਹੀਂ ਸ਼ਿਕਵਾ ਰਿਹਾ।

ਜਾਹ! ਤੈਨੂੰ ਬਿਰਹਾ ਦੇ ਕੀੜੇ ਪੈਣ ਵੇ!
ਨਾ ਵੈਰੀ, ਨਾ ਯਾਰੜੇ ਨੂੰ ਇਹ ਕਿਹਾ।

ਦੋਸਤੋ! ਮੈ ਤਾਂ ਰਿਹਾ ਅੱਧਾ-ਕਵੀ,
ਕਿਉਂਕਿ ਮੈਨੂੰ ਅੱਧੀ ਦੁਨੀਆਂ ਨਾ ਦਿਸੀ।

↑ ਤਤਕਰਾ ↑

ਆਖਣਾ 'ਪ੍ਰੀਤਮ' ਨੂੰ ਜੇ  ਕਵਿਤਾ ਲਿਖੇ,
ਅਪਣੀ ਅਸਲੀਅਤ ਹੀ ਅੱਗੇ ਨਾ ਧਰੇ।

ਸਿਰਫ਼ ਜੜ੍ਹ ਦੀ ਸੋਚ ਵਿਚ, ਨਾ ਬੈਠ ਕੇ,
ਫੁੱਲ-ਪੱਤੀਆਂ ਦੀ ਵੀ ਗੱਲ ਕਰਿਆ ਕਰੇ।

ਆਪਣੇ, ਚਿਤਵੇ ਹੋਏ ਸੁਰਗਾਂ ਤੋਂ ਵੱਧ,
ਹੋਰ ਵੀ ਸੁੰਦਰ ਨਜ਼ਾਰੇ ਬਹੁਤ ਨੇ।

ਵੇਲ ਦੀ ਨਿਰਬਲਤਾ ਬਾਰੇ ਹੀ ਨਾ ਲਿਖ,
ਇਹ ਵੀ ਲਿਖ, ਉਸਦੇ ਸਹਾਰੇ ਬਹੁਤ ਨੇ।

ਮਿੱਟੀ ਦੀ ਤਾਸੀਰ ਉੱਭਰਦੀ ਰਹੀ,
ਮੇਰੀ ਜੜ੍ਹ, ਮੇਰੇ 'ਚ ਰੰਗ ਭਰਦੀ ਰਹੀ,

ਦੋਸਤੋ! ਮੈ ਤਾਂ ਰਿਹਾ ਅੱਧਾ-ਕਵੀ,
ਕਿਉਂਕਿ ਮੈਨੂੰ ਅੱਧੀ ਦੁਨੀਆਂ ਨਾ ਦਿਸੀ।

↑ ਤਤਕਰਾ ↑